੧ੴ ਸਤਿਗੁਰ ਪ੍ਰਸਾਦਿ

## ਗੁਰਬਾਣੀ ਵਜਾਖਜਾ ਦੇ

# ਅਨਮੋਲ ਰਤਨ

(ਭਾਗ-1)


## ਭਾਈ ਵੀਰ ਸਿੰਘ

*- ਸੰਗ੍ਰਹਿ ਕਰਤਾ -*

**ਸ. ਗੁਰਦੇਵ ਸਿੰਘ**

(ਹਨੂਮਾਨਗੜ੍ਹ, ਰਾਜਸਥਾਨ)



**ਭਾਈ ਵੀਰ ਸਿੰਘ ਸਾਹਿਤ ਸਦਨ**

ਭਾਈ ਵੀਰ ਸਿੰਘ ਮਾਰਗ, ਗੋਲ ਮਾਰਕਿਟ, ਨਵੀਂ ਦਿੱਲੀ-110001

**Gurbani Vyakhya De Anmol Rattan**
*Bhai Vir Singh*

Compiled by S. Gurdev Singh

ISBN # 978-93-80854-69-4
© ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ
ਪਹਿਲੀ ਛਾਪ, ਜੁਲਾਈ, 2010
ਦੂਜੀ ਐਡੀਸ਼ਨ, ਅਪ੍ਰੈਲ, 2011

*ਪ੍ਰਕਾਸ਼ਕ :*
ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ
ਨਵੀਂ ਦਿੱਲੀ-110001

*Printer*
Printograph
2966/41, Beadon Pura
Karol Bagh, New Delhi-110 005

ਮੁੱਲ : 45/- ਰੁਪਏ

# ਮੁੱਢਲੀ ਬੇਨਤੀ

**ਭਾਈ** ਸਾਹਿਬ ਭਾਈ ਵੀਰ ਸਿੰਘ ਜੀ (1872-1957) ਇਕ ਐਸੇ ਸਤਿਕਾਰਯੋਗ ਮਹਾਂਪੁਰਖ ਹੋਏ ਹਨ ਜਿਨ੍ਹਾਂ ਨੂੰ ਸਾਹਿਤ ਖੇਤਰ ਵਿਚ ਕਿਸੇ ਜਾਣ-ਪਹਿਚਾਣ ਦੀ ਲੋੜ ਨਹੀਂ। ਆਪ ਜੀ ਇਕ ਬਲਵਾਨ ਅਨੁਭਵੀ ਸ਼ਕਤੀ ਦੀ ਦਾਤ ਧੁਰ ਦਰਗਾਹੋਂ ਸਤਿਗੁਰੂ ਸਚੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰ ਤੋਂ ਨਾਲ ਲੈ ਕੇ ਇਸ ਸੰਸਾਰ ਵਿਚ ਆਏ ਸਨ। ਆਪ ਜੀ ਪੰਜਾਬੀ ਸਾਹਿਤ, ਗੁਰਮਤਿ ਸਾਹਿਤ ਤੇ ਵਲਵਲੇ ਭਰਪੂਰ ਕਵਿਤਾ ਦੇ ਪਿਤਾਮਾ ਜਾਣੇ ਜਾਂਦੇ ਹਨ। ਆਪ ਜੀ ਨੇ ਗੁਰਮਤਿ, ਗੁਰਬਾਣੀ ਦੀ ਵਯਾਖਯਾ, ਗੁਰੂ ਸਾਹਿਬਾਨ ਦੀਆਂ ਜੀਵਨੀਆਂ ਤੇ ਬਹੁਤ ਉੱਚੀ ਉਡਾਰੀ ਵਾਲੀਆਂ ਕਵਿਤਾਵਾਂ ਰਚ ਕੇ ਪੰਜਾਬੀ ਸਾਹਿਤ ਦੇ ਭੰਡਾਰੇ ਲਬਾ ਲਬ ਭਰਪੂਰ ਕਰ ਦਿੱਤੇ ਹਨ।

ਗੁਰਬਾਣੀ ਦੀ ਵਯਾਖਯਾ ਆਪ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕੇਵਲ ਪੰਨਾ 607 ਤਕ ਹੀ ਕਰ ਸਕੇ ਸਨ ਕਿ ਧੁਰਾਂ ਦੇ ਸਦੇ ਆ ਗਏ। ਆਪ ਜੀ ਇਹ ਕੰਮ ਪੂਰਾ ਨਾ ਕਰ ਸਕੇ ਤੇ 10 ਜੂਨ, 1957 ਨੂੰ, ਜਿਸ ਗੋਦੀ ਨੂੰ ਛੋੜ ਕੇ ਆਏ ਸਨ ਉਸੇ ਸਤਿਗੁਰੂ ਨਾਨਕ ਦੇਵ ਜੀ ਦੀ ਗੋਦ ਵਿਚ ਜਾ ਬਿਰਾਜੇ। ਇਹ ਵਯਾਖਯਾ ਸੱਤ ਜਿੱਲਦਾਂ ਵਿਚ ਹੈ ਜੋ "ਸੰਥਯਾ ਪੋਥੀਆਂ" ਦੇ ਨਾਮ ਨਾਲ ਜਾਣੀਆਂ ਜਾਂਦੀਆਂ ਹਨ। ਇਸ ਤੋਂ ਇਲਾਵਾ ਕੁਝ ਚੋਣਵੀਆਂ ਬਾਣੀਆਂ ਜੈਸਾ ਕਿ "ਸਲੋਕ ਕਬੀਰ ਜੀ", "ਸਲੋਕ ਫਰੀਦ ਜੀ", "ਅਨੰਦੁ ਸਾਹਿਬ", "ਸਿਧ ਗੋਸਟਿ", "ਬਾਵਨ ਅੱਖਰੀ", "ਸਹਿਸਕ੍ਰਿਤੀ ਸਲੋਕ", "ਫੁਨਹੇ", "ਚਉਬੋਲੇ" ਆਦਿ ਦੀ ਵਯਾਖਯਾ ਵੀ ਕੀਤੀ ਹੈ ਜੋ ਵਖਰੀਆਂ ਤਿੰਨ ਜਿਲਦਾਂ ਵਿਚ ਹੈ ਤੇ "ਸੰਥਯਾ ਅਨੇਕ ਬਾਣੀਆਂ" ਦੇ ਨਾਮ ਨਾਲ ਜਾਣੀਆਂ ਜਾਂਦੀਆਂ ਹਨ।

 www.sikhbookclub.com

ਪਾਠਕਾਂ ਦੀ ਸਹੂਲਤ ਵਾਸਤੇ ਤੇ ਵੱਡੇ ਗ੍ਰੰਥਾਂ ਨੂੰ ਨਾ ਪੜ੍ਹਨ ਦੀ ਰੁਚੀ ਨੂੰ ਮੁੱਖ ਰਖ ਕੇ ਸਰਦਾਰ ਗੁਰਦੇਵ ਸਿੰਘ ਜੀ, ਹਨੁਮਾਨ ਗੜ੍ਹ, ਰਾਜਸਥਾਨ ਵਾਲਿਆਂ ਬੜੀ ਮਿਹਨਤ ਤੇ ਉਦਮ ਕਰਕੇ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਸਾਹਿਤ ਵਿਚੋਂ ਕੁਝ ਚੋਣਵੇਂ ਗੁਰਮਤਿ ਸਿਧਾਂਤਕ ਬਚਨ ਸੰਗ੍ਰਹਿ ਕਰਕੇ ਟ੍ਰੈਕਟਾਂ ਦੇ ਰੂਪ ਵਿਚ ਛਾਪ ਕੇ ਸੰਗਤਾਂ ਵਿਚ ਵੰਡ ਚੁਕੇ ਹਨ। ਸੰਗਤਾਂ ਦਾ ਹੁਕਮ ਮੰਨਦੇ ਹੋਏ ਅਸੀਂ ਉਹਨਾਂ ਵਿਚੋਂ ਕੁਝ ਕੁ ਬਚਨ ਕੰਮਪਯੂਟ੍ਰਾਈਜ਼ (Computerise) ਕਰਕੇ ਆਪ ਜੀ ਤਕ ਪਹੁੰਚਾਣ ਦੀ ਖੁਸ਼ੀ ਲੈ ਰਹੇ ਹਾਂ। ਆਸ ਹੈ ਆਪ ਜੀ ਪਸੰਦ ਕਰੋਗੇ। 368 ਅੰਕ ਤਕ ਬਚਨ ਸ. ਗੁਰਦੇਵ ਸਿੰਘ ਜੀ ਹੁਰਾਂ ਦੇ ਸੰਗ੍ਰਹਿ ਕੀਤੇ ਹਨ।

ਮਹਾਂਪੁਰਖਾਂ ਦਾ ਮੇਲ ਜਾਂ ਸੰਗਤ ਕਰਨੀ ਤਾਂ ਦੂਰ ਦੀ ਗੱਲ ਹੈ, ਸਰਦਾਰ ਗੁਰਦੇਵ ਸਿੰਘ ਜੀ ਨੇ ਤਾਂ ਭਾਈ ਵੀਰ ਸਿੰਘ ਜੀ ਦੇ ਦਰਸ਼ਨ ਵੀ ਨਹੀਂ ਕੀਤੇ। ਭਾਈ ਸਾਹਿਬ ਜੀ ਦਾ ਲਿਖਿਆ ਇਕ ਟ੍ਰੈਕਟ "ਪਿਆਰੇ ਦਾ ਪਿਆਰਾ" ਕਿਤੋਂ ਇਹਨਾਂ ਦੇ ਹੱਥ ਲਗਾ, ਪੜ੍ਹਿਆ ਤੇ ਐਸੇ ਮੋਹਿਤ ਹੋਏ ਕਿ ਭਾਈ ਸਾਹਿਬ ਜੀ ਦਾ ਤਕਰੀਬਨ ਸਾਰਾ ਸਾਹਿਤ ਪੜ੍ਹੇ ਬਿਨਾਂ ਚੈਨ ਨਾ ਆਇਆ। ਹੁਣ ਸਰਦਾਰ ਗੁਰਦੇਵ ਸਿੰਘ ਜੀ ਨੇ ਆਪਣਾ ਬਾਕੀ ਦਾ ਜੀਵਨ ਭਾਈ ਵੀਰ ਸਿੰਘ ਜੀ ਦੇ ਸਾਹਿਤ ਨੂੰ ਪ੍ਰਚਾਰਨ ਤੇ ਹੀ ਲਗਾਇਆ ਹੋਇਆ ਹੈ। ਹਰ ਸਾਲ ਲੱਖਾਂ ਰੁਪਈਆਂ ਦੀਆਂ ਪੁਸਤਕਾਂ ਮੰਗਵਾ ਕੇ, ਪਿੰਡ ਪਿੰਡ ਜਾ ਕੇ ਨਾਮ ਮਾਤ੍ਰ ਭੇਟਾ ਲੈ ਕੇ ਜਾਂ ਮੁਫ਼ਤ ਵੰਡਦੇ ਹਨ। ਗੁਰਪੁਰਬਾਂ ਤੇ ਜਗ੍ਹਾ ਜਗ੍ਹਾ ਜਾ ਕੇ ਬੁਕ ਸਟਾਲ ਲਗਾਂਦੇ ਤੇ ਗੁਰਮਤਿ ਦਾ ਪ੍ਰਚਾਰ ਕਰਦੇ ਹਨ। ਰਾਜਸਥਾਨ ਦੇ ਕਈ ਪਿੰਡਾਂ ਵਿਚ ਲਾਇਬ੍ਰੇਰੀਆਂ ਚਾਲੂ ਕਰ ਦਿਤੀਆਂ। ਵਡੇਰੀ ਉਮਰ ਵਿਚ ਇਤਨਾ ਉਤਸ਼ਾਹ, ਮਿਹਨਤ ਤੇ ਖਿੜੇ ਮੱਥੇ ਸੇਵਾ ਕਰਨੀ ਸ਼ਲਾਘਾਯੋਗ ਹੈ।

ਸਰਦਾਰ ਗੁਰਦੇਵ ਸਿੰਘ ਜੀ ਭਾਈ ਸਾਹਿਬ ਭਾਈ ਵੀਰ ਸਿੰਘ ਸਾਹਿਤ ਸਦਨ ਨਾਲ ਵੀ ਜੁੜੇ ਹੋਏ ਹਨ। ਸਮੇਂ-ਸਮੇਂ 'ਤੇ ਆਪਣੇ ਸੁਝਾਅ ਦੇਂਦੇ ਰਹਿੰਦੇ ਹਨ ਤੇ ਹਰ ਦਮ ਸਦਨ ਦਾ ਭਲਾ ਚਾਹੁੰਦੇ ਹਨ। ਅਸੀਂ ਉਨ੍ਹਾਂ ਦੇ ਦਿਲੋਂ

ਧੰਨਵਾਦੀ ਹਾਂ, ਅਭਾਰੀ ਹਾਂ ਤੇ ਅਰਦਾਸ ਕਰਦੇ ਹਾਂ ਕਿ ਸ੍ਰੀ ਵਾਹਿਗੁਰੂ ਜੀ ਉਨ੍ਹਾਂ ਨੂੰ ਲੰਮੀ ਆਯੂ, ਚੰਗੀ ਸਿਹਤ, ਉਤਸ਼ਾਹ ਲਗਨ ਤੇ ਚੜ੍ਹਦੀ ਕਲਾ ਬਖਸ਼ਨ ਤਾਂ ਕਿ ਉਹ ਇਹ ਸੇਵਾ ਆਉਣ ਵਾਲੇ ਲਮੇਂ ਸਮੇਂ ਤਕ ਕਰਦੇ ਰਹਿਣ।

ਇਸਤੋਂ ਇਲਾਵਾ ਭਾਈ ਵੀਰ ਸਿੰਘ ਜੀ ਦੇ ਗੁਰਮਤਿ ਸਿਧਾਂਤਕ ਬਚਨ ਉਨ੍ਹਾਂ ਦੇ ਚਲਾਏ ਹੋਏ ਹਫ਼ਤਾਵਾਰੀ ਅਖ਼ਬਾਰ ਖਾਲਸਾ ਸਮਾਚਾਰ ਵਿਚ ਗਾਹੇ ਬਗਾਹੇ ਛਪਦੇ ਰਹੇ ਹਨ। ਇਨ੍ਹਾਂ ਦੀਆਂ ਕਟਿੰਗ ਕਰਕੇ ਸ੍ਵ: ਸ. ਖੁਸ਼ਹਾਲ ਸਿੰਘ ਜੀ ਨੇ ਇਕ ਫਾਈਲ ਬਨਾਈ ਹੋਈ ਸੀ, ਜੋ ਕਿ ਉਨ੍ਹਾਂ ਦੀ ਸੁਪਤਨੀ ਸਰਦਾਰਨੀ ਭਗਵੰਤ ਕੌਰ ਜੀ ਨੇ ਆਪਨਾ ਸ਼ਰੀਰ ਛੋੜਨ ਤੋਂ ਪਹਿਲੇ ਭਾਈ ਵੀਰ ਸਿੰਘ ਸਾਹਿਤ ਸਦਨ ਦੇ ਹਵਾਲੇ ਕਰ ਦਿਤੀ। ਇਸ ਫਾਈਲ ਵਾਲੇ ਬਚਨ ਵੀ ਇਸ ਪੁਸਤਕ ਦੇ ਅਖ਼ੀਰ ਤੇ ਛਾਪ ਦਿਤੇ ਹਨ ਤਾਕਿ ਸਦਾ ਵਾਸਤੇ ਸੁਰੱਖਸ਼ਿਤ ਹੋ ਜਾਣ। ਜਿਥੇ ਜਿਥੇ ਲੋੜ ਪਈ ਬਚਨ ਨਾਲ ਢੁਕਵੀਂ ਭਾਈ ਵੀਰ ਸਿੰਘ ਜੀ ਰਚਿਤ ਕਵਿਤਾ ਵੀ ਛਾਪਨ ਦਾ ਯਤਨ ਕੀਤਾ ਹੈ।

ਉਮੀਦ ਹੈ ਕਿ ਸੁਹਿਰਦ ਪਾਠਕ ਜਨ ਸਾਡਾ ਇਹ ਨਿਮਾਣਾ ਜਿਹਾ ਜਤਨ ਪਸੰਦ ਕਰਨਗੇ। ਕਿਸੇ ਸੱਜਣ ਨੂੰ ਕੋਈ ਤ੍ਰੁਟੀ, ਭੂਲ ਜਾਂ ਕਿਸੇ ਪ੍ਰਕਾਰ ਦੀ ਕੋਈ ਕਮੀ ਨਜ਼ਰ ਆਵੇ ਤਾਂ ਸਾਨੂੰ ਲਿੱਖ ਭੇਜਣ ਦੀ ਕ੍ਰਿਪਾਲਤਾ ਜ਼ਰੂਰ ਕਰਨ। ਅਸੀਂ ਅਗਲੇ ਐਡੀਸ਼ਨਾਂ ਵਿਚ ਵਿਚਾਰ ਕਰਕੇ ਠੀਕ ਕਰਨ ਦਾ ਜਤਨ ਕਰਾਂਗੇ।

ਭਾਈ ਵੀਰ ਸਿੰਘ ਸਾਹਿਤ ਸਦਨ
ਨਵੀਂ ਦਿੱਲੀ

ਮਿਤੀ: **19 JULY 2010**

# ਗੁਰਬਾਣੀ ਵਯਾਖਯਾ ਦੇ ਅਨਮੋਲ ਰਤਨ

1. ਪ੍ਰਭੂ ਦੇ ਪ੍ਰੇਮ ਵਿਚ ਲੀਨ ਹੁੰਦੇ ਹੋਏ ਭੀ ਨਾਮ ਤੇ ਸਤਿਸੰਗ ਨੂੰ ਨਾ ਤਜਾਗੋ। ਮਾਯਾ ਪ੍ਰਬਲ ਹੈ, ਪਤਾ ਨਹੀਂ ਕਦ ਦਾਉ ਲਾ ਜਾਵੇ। ਸਦਾ ਸਤਿਸੰਗ ਦੇ ਕੋਟ (ਕਿਲ੍ਹੇ) ਵਿਚ ਵਸੋ ਤੇ ਸਦਾ ਨਾਮ ਦਾ ਸਨਾਹ (ਕਵਚ) ਪਹਿਨੀ ਰਖੋ।

   {ਸੰ. ਪੋ.* ਭਾਗ-ਦੂਜਾ ਪੰ: ੬੯੨}

2. ਸੰਸਾਰ ਵਿਹੁ ਦਾ ਸਾਗਰ ਹੈ। ਚਰਨ ਕਮਲਾਂ ਦਾ ਅਰਥਾਤ ਅੱਠ ਪਹਰ ਦੇ ਜਾਪ ਦਾ ਬੋਹਿਥ (ਜਹਾਜ) ਬਨਾਕੇ ਚੜੇ ਰਹੋ। ਜਹਾਜ਼ ਤੇ ਚੜ੍ਹਿਆ ਹੋਇਆ ਕਦੇ ਸਮੁੰਦਰ ਵਿਚ ਛਾਲ ਨਹੀਂ ਮਾਰਦਾ, ਸਦਾ ਚੜਿਆ ਰਹਿੰਦਾ ਹੈ ਤਾਂਹੀ ਪਾਰ ਲਗਦਾ ਹੈ।

   {ਸੰ. ਪੋ.-੨, ਪੰ: ੬੯੨}

3. ਸੰਸਾ ਤੇ ਭ੍ਰਮ ਆਦਿ ਹੀ ਦੁਖ ਦਾ ਮੂਲ ਹੁੰਦੇ ਹਨ। ਭ੍ਰਮ ਕਾਰਨ ਹੈ, ਦੁਖ ਫਲ ਹੈ।

   {ਸੰ. ਪੋ. ਭਾਗ-ਦੂਜਾ ਪੰ: ੬੯੩ ਫੁਟ ਨੋਟ}

4. ਛਿਨ ਛਿਨ ਸਿਮਰਨ ਵਾਲੇ ਨੂੰ ਇਕ ਛਿਨ ਐਸੀ ਕਦੇ ਆ ਜਾਂਦੀ ਹੈ ਕਿ ਉਸ ਨੂੰ ਵਾਹਿਗੁਰੂ ਜੀ ਦੀ ਮੇਹਰ ਨਾਲ ਅਨੁਭਵ ਪ੍ਰਾਪਤ ਹੋ ਜਾਂਦਾ ਹੈ। ਹਾਂ, ਵਾਹਿਗੁਰੂ ਜੀ ਦਾ ਹੀ ਰੂਪ ਸਾਰੇ ਦਿਸ ਪੈਂਦਾ ਹੈ।

   {ਸੰ. ਪੋ. ਭਾਗ-ਦੂਜਾ ਪੰ: ੭੨੩}

---

* ਸੰ. ਪੋ.=ਸੰਥਯਾ ਪੋਥੀ।

5. ਹੇ ਅਕਾਲ ਪੁਰਖ! ਤੇਰੇ ਗੁਣਾਂ ਦਾ ਆਵੇਸ਼ ਤੇਰੇ ਨਾਮ ਵਿੱਚ ਹੈ, ਇਸ ਨੂੰ ਲੈਕੇ ਜੀਵ ਪਤਿਤ ਤੋਂ ਪਾਵਨ ਹੋ ਸਕਦਾ ਹੈ, ਸੁਖੀ, ਨਿਰਮਲ ਤੇ ਸੀਤਲ ਹੋ ਸਕਦਾ ਹੈ।

{ਸੰ. ਪੋ. ਤੀਜੀ ਪੰ: ੧੨੮੯}

6. ਨਾਮੀ ਪੁਰਖ ਆਸਾ ਅੰਦੇਸੇ ਜਿੱਤ ਲੈਂਦਾ ਹੈ, ਪਰ ਜੇ ਕੋਈ ਆਸਾ ਫੁਰ ਪਵੇ ਤਾਂ ਨਾਮ ਪੂਰਨ ਕਰ ਦੇਂਦਾ ਹੈ। ਪਹਿਲੀ ਆਸਾ ਜਗਿਆਸੂ ਦੀ ਈਸ਼੍ਵਰ ਪ੍ਰਾਪਤੀ ਹੈ, ਉਹ ਪੂਰਨ ਕਰਦਾ ਹੈ। ਗੌਣ ਆਸਾ ਕੋਈ ਫੁਰੇ ਤਾਂ ਉਹ ਬੀ ਪੂਰਦਾ ਹੈ।...... ਨਾਮ ਦਾ ਮਾਲਕ ਆਪਣੇ ਨਾਮ ਪ੍ਰੇਮੀਆਂ ਨੂੰ ਹੁਕਮ ਵਿੱਚ ਟੋਰਦਾ ਹੈ, ਨਾਮੀ ਪੁਰਖ ਮਨ ਦੇ ਮਗਰ ਨਹੀਂ ਟੁਰਦਾ ਸਗੋਂ ਸਾਂਈ ਦੀ ਰਜ਼ਾ ਵਿੱਚ ਚਲਦਾ ਹੈ। ਉਹ 'ਹੁਕਮਿ ਰਜਾਈ ਚਲਣਾ' ਦੀ ਦਾਤ ਪ੍ਰਾਪਤ ਕਰ ਲੈਂਦਾ ਹੈ। ਜੋ ਹੁਕਮ ਵਿਚ ਟੁਰਦਾ ਹੈ ਉਹੀ ਸਚਿਆਰ।

{ਸੰ. ਪੋ. ਭਾਗ-ਤੀਜਾ ਪੰ: ੧੨੯੮}

7. ਮੰਗ ਹੀ ਮਾਇਆ ਵਿੱਚ ਲਪਟਨਾ ਹੈ।..... ਮੰਗਣੇ ਵਾਲਾ ਮੂਰਖ ਹੈ ਕਿਉਂਕਿ ਦੇਣੇ ਵਾਲਾ ਸੁਜਾਨ ਹੈ ਉਹ ਆਪੇ ਦੇ ਰਿਹਾ ਹੈ। ਜੋ ਉਸਨੇ ਦੇਣਾ ਸੀ ਇਕੋ ਵਾਰ ਦੇ ਛਡਿਆ ਹੈ। ਸੋ ਹੇ ਮਨ ਮੂਰਖ! ਕਿਸ ਵਾਸਤੇ ਪੁਕਾਰ ਕਰਦਾ ਹੈਂ?..... ਜੇ ਕੋਈ ਮੰਗ ਮੰਗਣੀ ਬੀ ਹੈ ਤਾਂ ਇਕੋ ਨਾਮ ਦੀ ਮੰਗ ਮੰਗ।

{ਸੰ. ਪੋ. ਭਾਗ-ਚੌਥਾ ਪੰ: ੧੬੩੪}

**ਇਹ ਸੰਸਾਰ ਤੇ ਤਬ ਹੀ ਛੂਟਉ**
**ਜਉ ਮਾਇਆ ਨਹ ਲਪਟਾਵਉ॥**

{ਪੰ: ੬੯੩}

8. ਗੁੱਸਾ ਤਯਾਗੋ, ਅਭਿਮਾਨ ਤਯਾਗੋ, ਨਿੰਮਰਤਾ ਵਿੱਚ ਰਹੋ, ਨਾਮ ਰਸ ਵਿੱਚ ਮਗਨ ਹੋ ਜਾਓ, ਨਾਮ ਨਾਲ ਵਿਕਾਰ ਦੂਰ ਹੋ ਜਾਣਗੇ। ਨਾਮ ਦਾ ਰਸ ਆ ਜਾਏਗਾ।

{ਸੰ. ਪੋ. ਭਾਗ-ਚੌਥਾ ਪੰ: ੧੬੩੬}

9. ਲਾਲਚ ਤੇ ਝੂਠ ਇਹ ਬਿਖ ਤੇ ਬਿਆਧੀਆਂ ਹਨ, ਜਿਨ੍ਹਾਂ ਕਰਕੇ ਜੀਵ ਦਾ ਬਾਰ ਬਾਰ ਇਸ ਦੇਹੀ ਵਿੱਚ ਵਾਸਾ ਹੁੰਦਾ ਹੈ।
{ਸੰ. ਪੋ. ਭਾਗ-ਚੌਥਾ ਪੰ: ੧੬੩੭ (ਫੁਟ ਨੋਟ)}

10. ਨਾਮ ਪ੍ਰਭੂ-ਪਤੀ ਦੇ ਮਿਲਾਪ ਦੀ ਚਾਹਨਾ ਵਾਲੀ ਭਾਵ ਸੰਯੁਕਤ feeling (ਭਾਵਨਾ) ਵਾਲੀ ਯਾਦ ਹੋਵੇ। ਇਹ ਨਾਮ ਸਿਮਰਨ ਸੁਧਾ ਪ੍ਰੇਮ ਬਣ ਜਾਏਗਾ। ਇਸ ਪਿਆਰ ਨਾਲ ਮੇਲਾ ਹੋਏਗਾ।
{ਸੰ. ਪੋ. ਭਾਗ-ਚੌਥਾ ਪੰ: ੧੫੫੬}

11. ਵਾਹਿਗੁਰੂ ਪ੍ਰੇਮ ਹੈ, ਪ੍ਰੇਮ ਨਾਲ ਸਿਮਰੋ। ਰਸਤਾ ਵਿਸਮਾਦ ਹੈ ਜੋ ਸਿਫਤ ਸਲਾਹ ਨਾਲ ਮਿਲਦਾ ਹੈ।
{ਸੰ. ਪੋ. ਭਾਗ-ਚੌਥਾ ਪੰ: ੧੫੫੭}

12. **"ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ"** ਅਨਹਦ ਪ੍ਰਾਪਤੀ ਦਾ ਤਰੀਕਾ ਹਰੀ ਨਾਮ ਦਾ ਸਿਮਰਨ ਹੈ, ਹੋਰ ਨਹੀਂ।
{ਸੰ. ਪੋ. ਭਾਗ-ਚੌਥਾ ਪੰ: ੧੬੫੮ (ਫੁਟ ਨੋਟ)}

13. ਹਰੀ ਦੇ ਸਿਮਰਨ ਕਰਕੇ ਹੀ ਸਾਰੀ ਧਰਤੀ ਕਾਇਮ ਹੈ, ਸਿਮਰਨ ਧਰਤੀ ਦਾ ਆਸਰਾ ਹੈ। **"ਹਰਿ ਸਿਮਰਨਿ ਧਾਰੀ ਸਭ ਧਰਨਾ॥"** {ਸੁਖਮਨੀ-1}
{ਸੰ. ਪੋ. ਭਾਗ-ਚੌਥਾ ਪੰ: ੧੬੫੮ (ਫੁਟ ਨੋਟ)}

14. ਸਿਮਰਨ ਸਾਧਨ ਮਾਤ੍ਰ ਨਹੀਂ, ਸਿਮਰਨ ਵਿਚ ਪਰਮੇਸ਼ਰ ਦੀ ਹਜ਼ੂਰੀ ਹੁੰਦੀ ਹੈ। **"ਹਰਿ ਸਿਮਰਨ ਮਹਿ ਆਪਿ ਨਿਰੰਕਾਰਾ॥"**
{ਸੰ. ਪੋ. ਭਾਗ-ਚੌਥਾ ਪੰ: ੧੬੫੮ ਫੁਟ ਨੋਟ}

15. ਗੁਰਮੁਖ ਹੋਣਾ ਤੇ ਗੁਰੂ ਦੁਆਰੇ ਨਾਮ ਪ੍ਰਾਪਤ ਕਰਨਾ ਇਕੋ ਗੱਲ ਹੈ। **ਨਾਨਕ ਗਰਮੁਖਿ ਹਰਿ ਸਿਮਰਨੁ ਤਿਨਿ ਪਾਇਆ॥8॥1॥**
{ਗੁ: ਗ੍ਰੰਥ ਪੰਨਾ: ੨੬੨}{ਸੰ. ਪੋ. ਭਾਗ-ਚੌਥਾ ਪੰ: ੧੬੫੮ ਫੁਟ ਨੋਟ}

 www.sikhbookclub.com

16. ਕੇਵਲ ਪ੍ਰਭੂ ਦੀ ਪੂਰਨ ਕ੍ਰਿਪਾ ਹੈ ਕਿ ਜਿਸ ਨਾਲ ਮਨ ਵੱਸ ਵਿਚ ਆਉਂਦਾ ਹੈ।... ਨਾਮ ਮਾਰਗ ਵਾਲਿਆਂ ਦਾ ਸੰਜਮ ਦਸਦੇ ਹਨ ਪਰ ਉਹ ਸੰਜਮ ਨੂੰ....ਪ੍ਰਭੂ ਦੀ ਕਿਰਪਾ ਉਤੇ ਹੀ ਨਿਰਬਰ ਹੈ....ਸੰਜਮ ਦਸ ਦਿਤਾ ਪਰ ਕਾਮਯਾਬੀ ਮੇਹਰ ਕਿ ਕਿਰਪਾ ਤੇ ਦਸੀ ਹੈ। ਕਿਰਪਾ ਲਈ (ਪ੍ਰਭੂ ਦੀ) ਸ਼ਰਨ ਲੈਣੀ ਹੀ ਇਕ ਤਰਲਾ ਹੈ।
{ਸੰ. ਪੋ. ਭਾਗ-ਚੌਥਾ ਪੰ: ੧੭੮੬}

17. 'ਇਕੋ ਇਕ ਹੈ' ਤਾਂ ਪਏ ਆਖੀਦਾ ਹੈ, ਪਰ 'ਇਕੋ ਇਕ ਹੈ' ਅਨੁਭਵ ਕਰ ਲੈਣ ਦਾ ਸੁਆਦ ਕੋਈ ਵਿਰਲਾ ਜਾਣਦਾ ਹੈ।
{ਸੰ. ਪੋ. ਭਾਗ-ਚੌਥਾ ਪੰ: ੧੭੮੬}

18. ਨਾਮ ਤੇ ਸਿਫ਼ਤ ਦੁਆਰਾ ਜੀਵ ਗੁਰਮੁਖ ਬਣਦਾ ਹੈ, ਜੋ ਦੁਇ ਦਾਤਾਂ ਗੁਰੂ ਤੋਂ ਲੈਂਦਾ ਹੈ।
{ਸੰ. ਪੋ. ਭਾਗ-ਚੌਥਾ ਪੰ: ੧੭੯੬}

19. ਵਾਹਿਗੁਰੂ ਨੂੰ ਨੇੜੇ ਤੋਂ ਨੇੜੇ ਜਾਣੋ, ਭਾਵ ਉਸਦੀ ਹਜ਼ੂਰੀ ਵਿਚ ਆਪ ਨੂੰ ਪ੍ਰਤੀਤ ਕਰੋ। ਇਸ ਪ੍ਰਯਤਨ ਲਈ ਸ੍ਵਾਸ ਸ੍ਵਾਸ ਨਾਮ ਜਪੋ। ਆਸਾ ਦਾ, ਤ੍ਰਿਸ਼ਨਾ, ਵਾਸ਼ਨਾ ਦਾ ਤਯਾਗ ਕਰੋ। ਭੁੱਲੋ, ਉਕੋ, ਤਾਂ ਬੇਨਤੀ ਕਰੋ। ਸਹਾਇਤਾ ਦੀ, ਤ੍ਰੁਕੀ ਦੀ ਲੋੜ ਸਮਝੋ ਤਾਂ ਅਰਦਾਸ ਬੇਨਤੀ ਕਰੋ।
{ਸੰ. ਪੋ. ਭਾਗ-ਚੌਥਾ ਪੰ: ੧੭੭੩}

20. ਸਿਮਰਨ ਤੇ ਗੁਣ ਗਾਇਨ ਨਾਲ ਚਿੱਤ ਵਿੱਚ 'ਇਕ ਚਿੰਤਨ' ਵਸਾਓ, ਅਨੇਕ ਚਿੰਤਨ ਜੋ ਹਰ ਵੇਲੇ ਜਾਰੀ ਹੈ ਉਸ ਦੀ ਥਾਂ ਏਕ ਚਿੰਤਨ ਕਰੋ। ਅਰ ਉਹ ਇਕ ਚਿੰਤਨ ਅਪਨੇ ਪਰਮੇਸਰ ਦਾ ਕਰੋ। ਅਨੇਕ ਚਿੰਤਨ ਵਿਚ ਮਨ ਐਵੇਂ ਵਿਹਲਾ ਖਰਚ ਹੋ ਰਹਿਆ ਹੈ, ਇਕ ਪ੍ਰਭੂ ਦੇ ਚਿੰਤਨ ਨਾਲ ਉਹ ਇਕ ਅੰਦਰ ਸਾਡੀ ਲੱਖਤਾ ਵਿੱਚ ਆਕੇ ਸਾਨੂੰ ਪ੍ਰਾਪਤ ਹੋ ਜਾਏਗਾ, ਯਾ ਅਸੀਂ ਉਸ ਨਾਲ ਰਲ ਮਿਲ ਰਚ ਮਿਚ ਜਾਵਾਂਗੇ।
{ਸੰ. ਪੋ. ਭਾਗ-ਚੌਥਾ ਪੰ: ੧੭੭੩}

 www.sikhbookclub.com

21. ਨਾਮ ਦੀ ਮੰਗ ਵੀ ਤਾਂ ਮੰਗ ਹੈ। ਇਹ ਮੰਗ ਗੁਰੂ ਕਿ ਪਰਮੇਸ਼ੁਰ ਤੋਂ ਮੰਗਦਿਆਂ ਲਾਜ ਨਹੀਂ ਆਉਂਦੀ।..... ਜਿਸ ਨੂੰ ਨਾਮ ਦੀ ਭੁਖ ਹੁੰਦੀ ਹੈ ਉਹ ਤ੍ਰਿਸਨਾ ਤੋਂ ਉੱਚਾ ਉਠਦਾ ਹੈ ਤਾਂ ਇਹ ਭੁਖ ਲਗਦੀ ਹੈ। ਸੋ ਨਾਮ ਦਾ ਮੰਗਣਾ ਤ੍ਰਿਸਨਾ ਦੀ ਮੰਗ ਨਹੀਂ, ਇਹ ਤਾਂ ਵਾਸ਼ਨਾ ਤ੍ਰਿਸ਼ਨਾ ਤੋਂ ਖਲਾਸੀ ਦੀ ਮੰਗ ਹੈ।

{ਸੰ. ਪੋ. ਭਾਗ-ਚੌਥਾ ਪੰ: ੧੮੭੫}

22. ਉਹ ਮੰਗ ਉੱਤਮ ਹੈ ਜੋ ਇਕ ਪ੍ਰਭੂ ਨੂੰ ਹੀ ਮੰਗਦੀ ਹੈ, ਹੋਰ ਗੱਲਾਂ ਬੇਅਰਥ ਹਨ ਜੋ ਵਾਹਿਗੁਰੂ ਪਤੀ ਦੀ ਨਾਮ-ਮੰਗ ਤੋਂ ਸਖਣੀਆਂ ਹਨ।

{ਸੰ. ਪੋ. ਭਾਗ-ਚੌਥਾ ਪੰ: ੧੯੦੫}

23. ਦੁਖ ਸਦੀਵੀ ਨਹੀਂ, ਕਿਉਂਕਿ ਦੁਖ ਨਵਿਰਤੀ ਦਾ ਉਪਰਾਲਾ ਨਾਮ ਹੈ।

{ਸੰ. ਪੋ. ਭਾਗ-ਚੌਥਾ ਪੰ: ੧੯੦੨}

24. ਮਨ ਨੂੰ ਨਾਮ ਦੀ ਭੁਖ ਲਗੀ ਹੀ ਰਹੇ, ਤੇ ਇਹ ਭੁਖ ਹਰੀ ਰਸ ਨਾਲ, ਜੋ ਨਾਮ ਤੋਂ ਪ੍ਰਾਪਤ ਹੁੰਦਾ ਹੈ, ਤ੍ਰਿਪਤ ਹੁੰਦੀ ਹੈ।

{ਸੰ. ਪੋ. ਭਾਗ -ਚੌਥਾ ਪੰ: ੧੮੫੬}

25. ਗਜਾਨ ਪ੍ਰਾਪਤ ਹੋਕੇ ਬੀ ਬ੍ਰਿਤੀਆਂ ਨੂੰ ਨਾਮ ਤੋਂ ਸੱਖਣਾ ਨਾ ਹੋਣ ਦੇਹ। ਇਹ ਨਾਮ ਦਾ ਪਰਚਾ, ਜਦ ਤਕ ਮਨ ਹੈ, ਬ੍ਰਿਤੀਆਂ ਕੰਮ ਕਰਦੀਆਂ ਹਨ ਤਦ ਤਕ ਮਨ ਵਿਚ ਰਹੇ। ਨਹੀਂ ਤਾਂ ਮਨ ਸੰਕਲਪ ਵਿਕਲਪ ਵਿਚ ਫੇਰ ਦੌੜੇਗਾ, ਫੁਰਨਾ ਫੇਰ ਪ੍ਰਬਲ ਹੋ ਜਾਏਗਾ। ਇਸ ਕਰਕੇ ਜਦ ਤਕ ਮਨ ਚਲਦਾ ਹੈ ਮਨ ਨੂੰ ਸਖਣਾ ਹੋਕੇ ਦੌੜਨ ਭੱਜਣ ਦੇਣ ਦੀ ਥਾਂ ਨਾਮ ਦੇ ਪਰਚੇ ਨਾਲ ਸਾਈਂ ਵਿਚ ਮੇਲੀ ਰਖ, ਵਿੱਥ ਨਾ ਪੈਣ ਦੇਹ, ਜੋ ਫੁਰਨਾ ਪਾਉਂਦਾ ਰਹਿੰਦਾ ਹੈ।

{ਸੰ. ਪੋ. ਭਾਗ-ਚੌਥਾ ਪੰ: ੧੯੩੮}

26. ਪਰਮੇਸ਼ਰ ਦਾ ਪ੍ਰੇਮੀ ਉਹ ਹੋ ਸਕਦਾ ਹੈ, ਜਿਸ ਦੇ ਅੰਦਰ ਉਸ ਨਾਲ ਪ੍ਰੀਤ ਹੈ ਤੇ ਮਾਯਾ ਨੂੰ ਓਪਰੀ ਜਾਣਦਾ ਹੈ। ......ਪਕ ਜਾਣੋ ਕਿ ਜਦ ਤੱਕ ਕਿਸੇ ਨੂੰ ਮਾਯਕ ਰਸਾਂ ਵਿਚ ਰਸ ਆ ਰਿਹਾ ਹੈ ਤਦ ਤੱਕ ਪਰਮੇਸ਼ਰ ਜੀ ਨਾਲ ਉਸਦਾ ਪਯਾਰ ਨਹੀਂ ਪੈ ਸਕਦਾ।
{ਸੰ. ਪੋ. ਭਾਗ-ਚੌਥਾ ਪੰ: ੧੯੭੯}

27. ਨਾਮ ਨੂੰ ਸਹਜ ਰੀਤੀ ਨਾਲ ਸਿਮਰੋ, ਅਸਹਿਜ ਤ੍ਰੀਕੇ ਨਾ ਵਰਤੋ। ਸਹਿਜ ਤ੍ਰੀਕੇ ਨਾਲ ਸਿਮਰਣ 'ਜੀਉਂਦੀ ਯਾਦ' ਹੁੰਦੀ ਹੈ, ਅਸਹਿੰਜ ਤ੍ਰੀਕਿਆਂ ਨਾਲ ਇਹ ਸਾਧਾਰਣ ਸਾਧਨ ਮਾਤ੍ਰ ਰਹਿ ਜਾਂਦੀ ਹੈ।
{ਸੰ. ਪੋ. ਭਾਗ-ਚੌਥਾ ਪੰ: ੨੦੩੮}

28. ਸਿਮਰਨ ਸ਼ੁਰੂ ਹੋਕੇ ਆਪਾਵਾਰ ਪਿਜਾਰ ਵਿਚ ਅੱਪੜੇ ਤੇ ਇਹ ਕਾਮਯਾਬੀ ਪ੍ਰਾਪਤ ਕਰਨ ਲਈ ਸਿਮਰਨ ਦੇ ਨਾਲ ਅਰਦਾਸ ਦੀ ਭੀ ਭਾਰੀ ਲੋੜ ਹੈ ਜੋ ਹਉਂ ਨਾ ਫੇਰ ਫੇਰਾ ਪਾਵੇ।
{ਸੰ. ਪੋ. ਭਾਗ-ਛੇਵਾਂ ਪੰ: ੨੫੫੧}

29. ਪ੍ਰਭੂ ਮਿਲਾਪ ਦਾ ਮਾਰਗ 'ਭਗਤੀ' ਨੂੰ ਦਸਿਆ ਹੈ। ਭਗਤੀ ਨਾਮ ਹੈ ਪਜਾਰ ਦਾ, ਉਹ ਪਜਾਰ ਜੋ ਦੂਜੇ ਪਾਸਿਓਂ ਪਜਾਰ ਦਿਸੇ ਬਿਨਾ, ਪਜਾਰ ਬ੍ਰਿਤੀ ਵਿਚ ਆ ਜਾਂਦਾ ਹੈ। ਆਪ ਪਜਾਰ ਕਰਨਾ ਤੇ ਪ੍ਰਭੂ ਨੂੰ ਪਿਆਰਾ ਸਮਝਕੇ ਪਜਾਰ ਕਰਨਾ। .....ਭਗਤੀ ਸਿਰੇ ਚੜ੍ਹਦੀ ਹੈ ਪ੍ਰਭੂ ਦੇ ਨਾਮ ਅਭਿਆਸ ਨਾਲ।
{ਸੰ. ਪੋ. ਭਾਗ-ਛੇਵਾਂ ਪੰ: ੨੭੪੫}

30. ਕਿਸੇ ਦਾ ਮਨ-ਰੁਖ ਸਾਈਂ ਵਲ ਪੈਣਾ ਤੇ ਉਸਦਾ ਸਤਿ ਸੰਗਤ ਵੱਲ ਰੁਖ ਕਰਨਾ, ਅਪਣੇ ਆਪ ਹੋਣਾ ਕਠਨ ਹੈ। ਕੋਈ ਅਣਦਿਸਦੀ ਮੇਹਰ ਹੀ ਹੁੰਦੀ ਹੈ ਜੋ ਕੋਈ ਠੁਹਕਰ ਦੇ ਕੇ ਲੈ ਜਾਂਦੀ ਹੈ।
{ਸੰ. ਪੋ. ਭਾਗ-ਛੇਵਾਂ ਪੰ: ੨੭੪੫}

31. ਗੁਰ ਉਪਦੇਸ਼ ਵਿਚ ਮੁਖ ਉਪਦੇਸ਼ ਨਾਮ ਦੀ ਸੰਭਾਲ ਹੁੰਦੀ ਹੈ।
{ਸੰ. ਪੋ. ਭਾਗ-ਛੇਵਾਂ ਪੰ: ੨੭੪੬}

32. (ਮਨ ਦਾ) ਰੁਖ ਬਾਹਰਮੁਖੀ ਹੋਣ ਕਰਕੇ ਅਨੇਕ ਚਿੰਤਨਾਂ ਵਿਚ ਧਾਵਨ ਦਾ ਹੈ। ਇਸ ਦਾ ਦਾਰੂ ਕੀ ਹੈ? ਗੁਰੂ ਕੇ ਸ਼ਬਦ ਦੀ ਸੰਭਾਲ। {ਸੰ. ਪੋ. ਭਾਗ-ਛੇਵਾਂ ਪੰ: ੨੭੪੬}

33. **"ਵਿਸਮਾਦੁ ਦੇਖੈ ਹਾਜਰਾ ਹਜੂਰਿ"** (464) ਯਾਨੀ:- ਸਿਰ ਵਿਸਮਾਦਾਂ ਦੇ ਵਿਸਮਾਦ ਹੈ ਵਾਹਿਗੁਰੂ ਨੂੰ ਹਾਜ਼ਰਾ ਹਜ਼ੂਰ ਵੇਖਣਾ। ਯਾਨੀ ਵਾਹਿਗੁਰੂ ਨੂੰ ਹਾਜ਼ਰ ਵੇਖਣਾ ਤੇ ਆਪ ਨੂੰ ਉਸ ਦੀ ਹਜ਼ੂਰੀ ਵਿਚ ਵੇਖਣਾ।

{ਸੰ. ਪੋ. ਭਾਗ-ਛੇਵਾਂ ਪੰ: ੨੮੪੯}

34. ਗੁਰਮੁਖ ਹੈ ਉਹ, ਜੋ ਨਾਮ ਦਾ ਪਦਾਰਥ ਜੋੜਦਾ ਹੈ ਤੇ ਗਿਆਨ ਨੂੰ ਪ੍ਰਾਪਤ ਹੁੰਦਾ ਹੈ। ਇਹ ਸਾਈਂ ਦੀ ਮੇਹਰ ਹੈ ਤੇ ਮੇਹਰ ਸਮਝੋ।

{ਸੰ. ਪੋ. ਭਾਗ-ਤੀਜਾ ਪੰ: ੧੩੯੦}

35. ਸਫਲ ਸੇਵਕ ਤਾਂ ਉਹੀ ਕਹੀਦਾ ਹੈ ਜੋ ਅਪਨੇ ਮਾਲਕ ਵਿਚ ਸਮਾ ਹੀ ਜਾਵੇ। ਭਾਵ ਸੇਵਾ ਅਦਬ ਤੋਂ ਅਰੰਭ ਹੁੰਦੀ ਹੈ, ਅਦਬ ਬਿਨਾਂ ਸੇਵਾ ਕਦੇ ਸਿਰੇ ਨਹੀਂ ਚੜ੍ਹੀ।.....ਅਦਬ ਵਾਲੀ ਸੇਵਾ ਵਿਚ ਪਿਆਰ ਪਵੇ ਤੇ ਇਹ ਪਿਆਰ ਵਾਲੀ ਸੇਵਾ ਹਉਂ ਨੂੰ ਮੇਟ ਕੇ ਮਾਲਕ ਨਾਲ ਤਦਰੂਪਤਾ ਵਿਚ ਕਰ ਦੇਵੇ। **'ਸਾਹਿਬੁ ਸੇਵਕੁ ਇਕੁ ਦ੍ਰਿਸਟਾਇਆ'** (ਵਾਰ: ਗੂ: ਮ: 5, ਪੰਨਾ 524) ਬਰੱਬਰੀ ਕਰਨੀ ਗੁਸਤਾਖੀ ਹੈ, ਲੀਨ ਹੋ ਜਾਣਾ ਸਫਲਤਾ ਹੈ।

{ਸੰ. ਪੋ. ਭਾਗ-ਛੇਵਾਂ ਪੰ: ੨੯੩੦}

36. ਹਰ ਅਵਸਥਾ ਉਸੇ ਅੱਗੇ ਅਰਦਾਸ ਕਰਨੀ ਹੀ ਜੀਵ ਦਾ ਕਰਨੇ ਜੋਗ ਕਰਮ ਹੈ।

{ਸੰ. ਪੋ. ਭਾਗ-ਛੇਵਾਂ ਪੰ: ੨੯੩੦}

37. ਜੋ ਕੁਛ ਮੇਹਰ ਹੋਵੇ ਉਸ ਨੂੰ ਅਪਨੀ ਸੇਵਾ ਦਾ ਮੁਆਵਜ਼ਾ ਯਾ ਬਦਲਾ ਨਾ ਸਮਝੇ, ਉਹ ਮੇਹਰ ਹੀ ਮੇਹਰ ਹੈ। ਕਿਉਂਕਿ ਸੇਵਾ ਸੁਹਣੀ ਗੱਲ ਹੈ ਪਰ ਕੋਈ ਸੇਵਾ ਮੇਹਰ ਨੂੰ ਮੁੱਲ ਨਹੀਂ ਲੈ ਸਕਦੀ।

{ਸੰ. ਪੋ. ਭਾਗ-ਛੇਵਾਂ ਪੰ: ੨੯੩੦}

 www.sikhbookclub.com

38. ਪਹਿਲੋਂ ਸੇਵਕ ਨੂੰ ਭੈ ਚਾਹੀਦਾ ਹੈ (ਪਰਮੇਸ਼ਰ ਦਾ), ਭੈ ਵਧਕੇ ਭਾਉ (=ਪ੍ਰੇਮ) ਬਣ ਜਾਂਦਾ ਹੈ।
{ਸੰ. ਪੋ. ਭਾਗ-ਛੇਵਾਂ ਪੰ: ੨੯੩੦}

39. (ਜਗਿਆਸੂ) ਗੁਰੂ ਦੀ ਕਿਰਪਾ ਨਾਲ ਨਾਮ ਪ੍ਰਾਪਤ ਕਰਕੇ ਭਜਨ ਕਰੇ ਤੇ ਉਹ ਨਾਮ ਲਿਵ ਬਣ ਜਾਵੇ। ਇਹ ਜੀਵਨ ਦੀ ਸਫਲਤਾ ਤੇ ਪ੍ਰਲੋਕ ਵਿਚ ਸੁਖ ਪ੍ਰਾਪਤੀ ਹੈ।
{ਸੰ. ਪੋ. ਭਾਗ-ਛੇਵਾਂ ਪੰ: ੨੯੭੯}

40. (ਰਾਮ ਦਾ ਨਾਮ) ਜਨਮ ਜਨਮ ਦੇ ਪਾਪ ਖੰਡਨ ਵਾਸਤੇ ਸੀ। ਪਾਪਾਂ ਦੇ ਨਸ਼ਟ ਹੋਇਆਂ ਰੋਗ ਨੇ ਦੂਰ ਹੋ ਜਾਣਾ ਸੀ। ਕਿਉਂਕਿ ਸਾਰੇ ਦੁਖ ਪਾਪਾਂ ਦਾ ਫਲ ਹੁੰਦੇ ਹਨ।.....(ਪਰ) ਜੀਵਾਂ ਦਾ ਸੁਭਾਵ ਹੈ ਜਦ ਸੁਖੀ ਹੋਣ ਪਾਪ ਕਰਮਾਂ ਵਲ ਰੁਖ਼ ਕਰਦੇ ਹਨ।
{ਸੰ. ਪੋ. ਭਾਗ-ਛੇਵਾਂ ਪੰ: ੩੦੩੪}

41. ਸੰਪਤੀ ਦੇ ਆਂਇਆਂ ਅਹੰਕਾਰ ਨਾਲ ਜੀਵ ਪ੍ਰਭੂ ਵਲੋਂ ਬੇਮੁਖ ਹੁੰਦਾ ਹੈ ਤੇ ਬਿਪਤਾ ਪਿਆਂ ਵਿਸ਼ਵਾਸ ਡੋਲਦਾ ਹੈ, ਦੋਹਾਂ ਵੱਲੋਂ ਸਾਵਧਾਨ ਰਹੋ, ਉਸ ਵੇਲੇ ਕੀਹ ਸਮਝੌਤੀ ਮਨ ਨੂੰ ਦੇਵੋ? ਕਬੀਰ ਜੀ ਦਾ ਵਾਕ ਹੈ:-

**"ਸੰਪੈ ਦੇਖ ਨਾ ਹਰਖੀਐ ਬਿਪਤਿ ਦੇਖਿ ਨ ਰੋਇ॥**
**ਜਿਉ ਸੰਪੈ ਤਿਉ ਬਿਪਤਿ ਹੈ ਬਿਧ ਨੇ ਰਚਿਆ ਸੋ ਹੋਇ॥"**

{ਗੁ: ਗ੍ਰ: ਪੰਨਾ: ੩੩੭, ਸੰ. ਪੋ. ਭਾਗ-ਛੇਵਾਂ ਪੰ: ੩੦੫੯}

42. ਸਤਿਸੰਗ ਕਰੋ ਜੋ ਨਾਮ ਅਰਾਧਨ ਵਿਚ ਹੌਂਸਲਾ ਨਾ ਹਿਰੇ।
{ਸੰ. ਪੋ. ਭਾਗ-ਛੇਵਾਂ ਪੰ: ੩੦੭੨}

43. ਮੇਹਰ ਮੰਗੋ ਪਰ ਗੁਰਮਤਿ ਧਾਰਨ ਕਰਕੇ; ਨਾਮ, ਬਾਣੀ, ਕੀਰਤਨ, ਸ਼ੁਕਰ, ਰਜ਼ਾ ਦੀ ਕਮਾਈ ਕਰਦੇ ਸਹਿਜ ਯੋਗ ਵਿਚ ਆ ਜਾਓ।
{ਸੰ. ਪੋ. ਭਾਗ-੭ ਪੰ: ੩੦੮੧}

 www.sikhbookclub.com

44. ਸਤਿਗੁਰ ਦੀ ਰਜ਼ਾ ਪਰ ਟੁਰੋ, ਜੋ ਦੱਸੇ ਕਮਾਈ ਕਰੋ ਤੇ ਆਪਾ ਭਾਵ ਉਸਨੂੰ ਅਰਪਨ ਕਰ ਦਿਓ। ਫਿਰ ਹਉਂ ਵਿਚ ਨਾ ਆਓ, ਇਹੋ ਮੰਗਦੇ ਰਹੋ ਕਿ, "ਸਤਿਗੁਰ ਆਪੇ ਕ੍ਰਿਪਾ ਕਰੇਇ"
{ਸੰ. ਪੋ. ਭਾਗ-ਸੱਤ ਪੰ: ੩੦੯੩}

45. ਇਕ ਵਾਹਿਗੁਰੂ ਦਾ ਨਾਮ ਸੁਖਦਾਤਾ ਹੈ, ਇਹ ਸਚ ਹੈ ਇਸ ਨੂੰ ਧਾਰਨ ਕਰੋ। ਨਾਮ "ਇਕ ਭਾਇ" ਵਿਚ ਲੈ ਜਾਏਗਾ ਅਰਥਾਤ ਇਕ ਪ੍ਰਭੂ ਦੇ ਪ੍ਰੇਮ ਵਿਚ।
{ਸੰ. ਪੋ. ਭਾਗ-ਸੱਤ ਪੰ: ੩੦੯੨}

46. ਇਹ ਸਭ ਮਾਇਆ ਦਾ ਭੁਲੇਵਾ ਜੀਵਾਂ ਨੂੰ ਓਸੇ ਦਾ ਪਾਇਆ ਹੋਇਆ ਹੈ। ਮਾਇਆ ਦਾ ਰਚਨਹਾਰ ਪ੍ਰਭੂ ਹੈ, ਸੋ ਉਸ ਵਲ ਤੱਕੋ। ਖੇਲ ਵੇਖ ਕੇ ਕਿਸੇ ਨੂੰ ਮਾੜਾ ਨਾ ਕਹੋ, ਖਿਲਾਰੀ (ਰਚਨਹਾਰ) ਤੇ ਨਜ਼ਰ ਟਿਕਾਓ।
{ਸੰ. ਪੋ. ਭਾਗ-ਸੱਤ ਪੰ: ੩੦੯੨}

47. ਸਦਾ ਯਾਦ ਰਹਣਾ ਇਸ (ਹਰਿ ਧਨ) ਦਾ ਰੂਪ ਹੈ ਤੇ ਸਾਧ ਸੰਗਤ ਵਿਚੋਂ (ਇਹ ਧਨ) ਮਿਲਦਾ ਹੈ।
{ਸੰ. ਪੋ. ਭਾਗ-ਸੱਤ ਪੰ: ੩੧੦੬}

48. ਦਹੀਂ ਵਿਚਲਾ ਇਕ ਚੇਤਨ ਕਿਣਕਾ, ਜੋ ਖ਼ਸ਼ਖ਼ਸ਼ ਦੇ ਦਾਣੇ ਦੇ ਬੀ ਸੌਵੇਂ ਹਿੱਸੇ ਤੋਂ ਬੀ ਛੋਟਾ ਹੋਵੇ, ਦੁਧ ਵਿਚ ਪੈਕੇ ਆਪਣੇ ਵਰਗੇ ਅਨੇਕ ਬਣਾ ਕੇ ਸਾਰੇ ਦੁਧ ਨੂੰ ਦਹੀਂ ਬਣਾ ਲੈਂਦਾ ਹੈ, ਤਿਵੇਂ ਨਾਮ ਇਕ ਜਿਉਂਦੀ ਇਕਾਈ ਹੈ ਜੋ ਵਧਦੀ ਮਨ ਵਿਚ ਧਾਰਨ ਕੀਤੀ ਹੋਈ ਮੌਲਦੀ ਤੇ ਨਾਮੀ ਨਾਲ ਤਦਰੂਪ ਕਰ ਦੇਂਦੀ ਹੈ।
{ਸੰ. ਪੋ. ਭਾਗ-ਚਾਰ ਪੰ: ੧੬੫੪, ਫੁਟ ਨੋਟ}

49. ਨਾਮ ਇਕ ਪ੍ਰੇਮ ਦਾ ਰੂਪ ਹੈ, ਜੋ ਪਰਮੇਸੁਰ ਦੇ ਦਰਸ-ਪ੍ਰੇਮੀਆਂ ਦੇ ਪਾਸ ਹੁੰਦਾ ਹੈ ਤੇ ਸੰਗਤ ਨਾਲ ਮਿਲਦਾ ਹੈ।
{ਸੰ. ਪੋ. ਭਾਗ-ਚਾਰ ਪੰ: ੧੬੫੫}

 www.sikhbookclub.com

50. ਹਉਂ ਗੁਰੂ ਦੀ ਸੇਵਾ ਵਿਚ ਘਟੇਗੀ, ਗੁਰੂ ਦੇ ਉਪਦੇਸ਼ ਨਾਲ ਹੋਰ ਘਟੇਗੀ, ਉਸ ਦੇ ਦਿਤੇ ਨਾਮ ਨਾਲ ਸਾਰੀ ਦੂਰ ਹੋ ਜਾਏਗੀ। ਫਿਰ ਦੱਸਿਆ ਕਿ ਗੁਰੂ ਮੁਕਤ ਹੈ, ਮੁਕਤ ਦੀ ਸੇਵਾ ਮੁਕਤ ਕਰੇਗੀ, ..... '**ਜੈਸਾ ਸੇਵੇ ਤੈਸੋ ਹੋਇ**'.....ਵਾਹਿਗੁਰੂ ਨੂੰ ਦੂਰ ਨਾ ਜਾਣੋ, ਸਦਾ ਅੰਗ ਸੰਗ ਅਪਣੇ ਹਾਜ਼ਰਾ ਹਜ਼ੂਰ ਜਾਣੋ ਤੇ ਅਪਣੇ ਅੰਦਰ ਵੱਸਦਾ ਪਛਾਣੋ, ਇਸ ਪਛਾਣ ਨਾਲ ਸਦਾ ਮਿਲੇ ਰਹੋਗੇ, ਪਰ ਨਾਮ ਨੂੰ ਕਦੇ ਨਾ ਛੱਡੋ, ਕਿਉਂਕਿ ਏਹ ਪ੍ਰਾਪਤੀ ਬੀ ਨਾਮ ਦੇ ਤੁਫੈਲ ਹੀ ਹੁੰਦੀ ਹੈ। ਕਟਾਖਜ ਇਹ ਹੈ ਕਿ ਨਾਮ ਜਪੋ ਤੇ ਹਜ਼ੂਰੀ ਵਿਚ, ਹਾਂ ਉਸਦੀ ਹਜ਼ੂਰੀ ਵਿਚ, ਜਿਸਦਾ ਕਿ ਨਾਮ ਜਪ ਰਹੇ ਹੋ।

{ਸੰ. ਪੋ. ਭਾਗ-ਦੋ ਪੰ: ੮੬੯}

51. ਸਿਫ਼ਤ ਸਲਾਹ ਤੇ ਨਾਮ ਓਤਪੋਤ ਰਲਵੇਂ "ਹਜ਼ੂਰੀ" ਵਿਚ ਰੱਖਣ ਦੇ ਉਪਾਉ ਹਨ।

{ਸੰ. ਪੋ. ਭਾਗ-ਪਹਿਲਾ ਪੰ: ੧੧੮}

52. ਕੇਵਲ ਜਾਣ ਲੈਣਾ ਮਾਤ੍ਰ ਕਾਫੀ ਨਹੀਂ, ਅਮਲੀ ਜੀਵਨ ਲੋੜੀਏ।

{ਸੰ. ਪੋ. ਭਾਗ-ਸੱਤ ਪੰ: ੩੧੪੬}

53. ਪਾਰਬ੍ਰਹਮ ਨਾਲ ਰਾਗ (ਪ੍ਰੇਮ) ਦਾ ਤਰੀਕਾ ਹੈ ਲਿਵ। ਲਿਵ ਲਗਦੀ ਹੈ ਨਾਮ ਸਿਮਰਨ ਨਾਲ, ਨਾਮ ਦੀ ਘਾਲ ਸਿਰੇ ਚੜ੍ਹਦੀ ਹੈ ਉੱਚ ਆਚਰਨ ਨਾਲ, ਉੱਚ ਆਚਰਨ ਲਈ ਅਪਣੀ ਨਗਰੀ (ਸ਼ਰੀਰ) ਵਿਚ ਵਸਦੇ ਚੋਰਾਂ ਤੇ ਪਹਿਰਾ (ਰਾਖੀ) ਚਾਹੀਏ।

{ਸੰ. ਪੋ. ਭਾਗ-ਸੱਤ ਪੰ: ੩੧੪੬}

54. ਇਹ 'ਹਉਂ ਅਭਾਵਤਾ' ਇਤਨੀ ਜ਼ਬਰਦਸਤ ਵਸਤੂ ਹੈ ਕਿ ਜਮ ਇਸ ਨੂੰ ਦੇਖ ਕੇ ਕੰਬ ਉਠਦੇ ਹਨ ਤੇ ਭੈ ਨਾਲ ਬੱਗੇ ਹੋ ਜਾਂਦੇ ਹਨ। ਭਾਵ ਭੈ ਨਾਲ ਮੂੰਹ ਫੱਕ ਹੋ ਜਾਂਦੇ ਹਨ ਤੇ ਡਰਦੇ ਨੇੜੇ ਨਹੀਂ ਢੁਕ ਸਕਦੇ।

{ਸੰ. ਪੋ. ਭਾਗ-ਸੱਤ ਪੰ: ੩੧੪੭-੪੮}

 www.sikhbookclub.com

55. (ਪ੍ਰਭੂ) ਸੋਖਾ ਪ੍ਰਾਪਤ ਹੁੰਦਾ ਹੈ, ਇਉਂ ਕਿ ਇਕ ਤਾਂ ਉਹ ਸਭਨਾਂ ਦਾ ਸ਼ਹੁ ਹੈ, ਸਭ ਨੂੰ ਹੱਕ ਹੈ ਉਸਦੀ ਪ੍ਰਾਪਤੀ ਦਾ। ਦੂਜੇ ਉਹ ਦੂਰ ਨਹੀਂ ਜੋ ਕਠਨਤਾ ਨਾਲ ਪ੍ਰਾਪਤ ਹੋਵੇ, ਉਹ ਸਦਾ ਹਾਜ਼ਰਾ ਹਜ਼ੂਰ ਹੈ। **"ਜਿਹ ਘਿਰਿ ਦੇਖਾ ਤਿਹ ਘਿਰਿ ਮਉਜੂਦੁ॥"** (ਵਾ: ਸ੍ਰਿ: ਮ: 1 ਪੰਨਾ 84) ਫੇਰ ਮਿਲਦਾ ਕਿਉਂ ਨਹੀਂ? ਕਿਉਂਕਿ ਸਾਡੇ ਅੱਗੇ ਨਾਫ਼ੁਰਮਾਨੀ ਦਾ ਪਰਦਾ ਹੈ, ਅਸੀਂ ਹੁਕਮੀ ਬੰਦੇ ਨਹੀਂ ਬਣਦੇ। ਹੁਕਮ ਨਾ ਮੰਨਣ ਕਰਕੇ ਸਾਡੇ ਮਨ ਦੀ ਪਿੱਠ ਉਸ ਵੱਲ ਹੋ ਜਾਂਦੀ ਹੈ, ਸੋ ਅੰਦਰ ਹੁੰਦਾ ਬੀ ਦੂਰ ਭਾਸਦਾ ਹੈ। ਇਸਦਾ ਦਾਰੂ ਪ੍ਰੇਮ-ਸੁਹਾਗਣ ਹੋਣਾ ਹੈ। ਪ੍ਰੇਮ ਕਰੇ ਸੁਹਾਗਵੰਤੀ ਇਸਤ੍ਰੀ ਵਾਂਙੂੰ। ਫੇਰ ਹੁਕਮੀ ਬੰਦੇ ਹੋ ਜਾਓਗੇ ਤੇ ਆਤਮ ਸੁਖ ਪਾਓਗੇ। "ਪ੍ਰਭੂ ਦੀ ਪ੍ਰੇਮ ਸੁਹਾਗਣ ਗੁਰ ਸ਼ਬਦ ਨਾਲ ਬਣੀਦਾ ਹੈ।"
{ਸੰ. ਪੋ. ਭਾਗ-ਸੱਤ ਪੰ: ੩੧੯੩}

56. ਸਹਜ ਪਦ ਹੈ ਵਾਹਿਗੁਰੂ ਜੀ ਨਾਲ ਮੇਲ ਅਵਸਥਾ ਜੋ ਤਦਰੂਪਤਾ ਵਿਚ ਸਹਜ ਭਾਵ ਰਖਦੀ ਹੈ।
{ਸੰ. ਪੋ. ਭਾਗ-ਸੱਤ ਪੰ: ੩੩੨੫}

57. ਪ੍ਰਭੂ ਨੇ ਜੋ ਕੁਛ ਪ੍ਰੇਮ, ਮੇਹਰ, ਫਜ਼ਲ, ਜੋ ਕੁਛ ਵੀ ਕਰਨਾ ਹੈ, ਉਸ ਦਾ ਕੰਮ ਹੈ, ਉਸ ਦਾ ਬਿਰਦ ਹੈ, ਭਗਤ ਦਾ ਕੰਮ ਪ੍ਰੇਮ ਕਰਨਾ, ਕਰਨਾ ਕਰਨਾ ਹੈ ਤੇ ਸੋਚ ਨਹੀਂ ਕਰਨੀ।
{ਸੰ. ਪੋ. ਭਾਗ-ਸੱਤ ਪੰ: ੩੩੭੭}

58. ਵਾਹਿਗੁਰੂ ਜਪਣਾ ਖੁਸ਼ੀ ਦਾ ਦਾਤਾ ਹੈ, ਇਹ ਉਦਾਸੀ ਤੇ ਥਕਾਨ ਦੇਣ ਵਾਲੀ ਸ਼ੈ ਨਹੀਂ।
{ਸੰ. ਪੋ. ਭਾਗ-ਸੱਤ ਪੰ: ੩੨੧੩}

59. ਵਾਹਿਗੁਰੂ ਨਾਮ ਦਾ ਸਿਮਰਣ ਇਕ ਸਭ ਤੋਂ ਵੱਡੀ ਦਾਤ ਹੈ ਪ੍ਰਭੂ ਦੀ।
{ਸੰ. ਪੋ. ਭਾਗ-ਸੱਤ ਪੰ: ੩੨੧੩}

60. ਵਿਆਪਕ ਪ੍ਰਭੂ ਦਾ ਹੀ ਨਾਮ ਵਾਹਿਗੁਰੂ ਹੈ।
{ਸੰ. ਪੋ. ਭਾਗ-੭ ਪੰ: ੩੨੧੫}

 www.sikhbookclub.com

61. ਮੁਕਤੀ ਦਾ ਸਰੂਪ:- "ਪ੍ਰਗਟ ਪਾਹਾਰੇ ਜਾਪਦਾ" ਦੀ ਲੱਖਤਾ ਹੈ।
{ਸੰ. ਪੋ. ਭਾਗ-ਦੋ ਪੰ: ੬੪੨}

62. ਵਾਹਿਗੁਰੂ ਦੇ ਸਨਮੁਖ ਹੋਵੋ। ਸਨਮੁਖ ਹੋਣ ਦੀ ਜੁਗਤ ਹੈ ਨਾਮ। ਨਾਮ ਵਾਹਿਗੁਰੂ ਦੇ ਸਨਮੁਖ ਕਰ ਦੇਵੇਗਾ, ਫੇਰ ਅੰਧਕਾਰ ਦੂਰ ਹੋਕੇ ਆਤਮ ਪ੍ਰਕਾਸ ਹੋਕੇ ਸਭ ਦੁਖ ਦੂਰ ਹੋ ਜਾਣਗੇ।
{ਸੰ. ਪੋ. ਭਾਗ-ਸੱਤ ਪੰ: ੩੨੩੨}

63. ਆਸਾ ਵਿਚ ਲੱਗਾ ਜੀਵ ਕੰਮ ਕਰਦਾ ਹੈ, ਆਸ ਨਾਲ ਅੰਦੇਸਾ ਲੱਗਾ ਰਹਿੰਦਾ ਹੈ, ਆਸ ਅੰਦੇਸਾ ਪ੍ਰਭੂ ਸਨਮੁਖ ਨਹੀਂ ਰਹਿਣ ਦੇਂਦਾ, ਕਿਉਂਕਿ ਆਸ "ਮਨ" ਦੇ ਧਿਆਨ ਦਾ ਰੁਖ ਮਾਯਕ ਕਰ ਦੇਂਦਾ ਹੈ ਤੇ ਮਾਯਾ ਦੇ ਮੋਹ ਵਿਚ ਪਾ ਦੇਂਦਾ ਹੈ। ਆਸਾ ਦੇ ਜੈ ਕਰਨ (ਜਿੱਤਨ) ਦਾ ਉਪਾਓ ਦਸਿਆ ਹੈ ਸੱਚੇ ਨੂੰ ਅਪਣੇ ਮਨ ਦੇ ਧਿਆਨ ਵਿਚ ਸਦਾ ਰੱਖਣਾ। ਜੋ ਨਾਮ ਨਾਲ ਪ੍ਰਾਪਤ ਹੋ ਜਾਂਦਾ ਹੈ।
{ਸੰ. ਪੋ. ਭਾਗ-ਸੱਤ ਪੰ: ੩੨੩੨}

64. ਅੰਤ ਲੈਣ ਦੇ ਭੁਲੇਵਿਆਂ ਵਿਚ ਨਾ ਪਵੋ, ਭਗਤੀ ਕਰੋ ਤੇ ਸਦਕੇ ਹੋ ਹੋ ਜਾਓ ਭਾਵ-ਪੂਰਨ ਭਗਤੀ ਕਰੋ।
{ਸੰ. ਪੋ. ਭਾਗ-ਸੱਤ ਪੰ: ੩੨੩੫}

65. (ਪ੍ਰਭੂ) ਪ੍ਰਸੱਨਤਾ ਕਿਸੇ ਕਰਮ ਦਾ ਫਲ ਨਹੀਂ। ਝੋਲੀ ਅੱਡਕੇ ਉਡੀਕ ਵਿੱਚ ਦਰ ਤੇ ਖੜੇ ਰਹਿਣਾ, ਇਕ ਮਨ ਦਾ ਰੁਖ ਬਨਾਉਣਾ ਹੈ। ਆਸਾਵੰਦ ਹੋਏ ਰਹਿਣਾ ਹੈ। ਜਦੋਂ ਦਿਆਲ ਹੋਏਗਾ ਤਦੋਂ ਹੀ ਸਹੀ, ਇਹ ਉਡੀਕਵਾਨ 'ਦਰ ਕਦੇ ਨਾ ਛੋਡੇ'।
{ਸੰ. ਪੋ. ਭਾਗ-ਸੱਤ ਪੰ: ੩੨੩੬}

66. ਜੋ ਲਗ ਰਹੇ ਹਨ (ਪ੍ਰਭੂ ਸਿਮਰਨ ਵਿਚ) ਉਹ ਹੰਕਾਰ ਨਾ ਕਰਨ ਕਿ ਆਪੂੰ ਲਗ ਰਹੇ ਹਾਂ, ਭਾਵ ਹਉਂ ਨਾ ਧਾਰਨ, ਤੇ ਜੋ ਨਹੀਂ ਲਗ ਰਹੇ, ਓਹ ਨਿਰਾਸ਼ ਨਾ ਹੋਣ, ਉਹ ਲਾਉਣ ਵਾਲੇ ਦੇ ਦਰ ਆਸਾਵੰਤ ਹੋ ਖੜੋਣ। ਵਡੇ ਸ਼ਹਿਰਾਂ ਵਿਚ ਆਸ਼ਾਵੰਤ ਖੜਿਆਂ ਨੂੰ ਮੋਟਰ ਬਸਾਂ ਆਪ ਖੜੋਕੇ ਲੈ ਖੜਦੀਆਂ ਹਨ, ਬੇ ਪਰਵਾਹ


www.sikhbookclub.com

ਟੁਰਦਿਆਂ ਨੂੰ ਵਾਜਾਂ ਨਹੀਂ ਮਾਰਦੀਆਂ ਦੇਖੀਦੀਆਂ ਹਨ।
{ਸੰ. ਪੋ. ਭਾਗ-ਸੱਤ ਪੰ: ੩੨੩੭}

67. (ਪ੍ਰਭੂ) ਸ਼ਰਨ ਪ੍ਰਾਪਤੀ ਸਤਿਸੰਗ ਵਿਚ ਹੁੰਦੀ ਹੈ, ਜਿਥੇ ਜਾਕੇ ਗਾਫ਼ਲੀ ਦੂਰ ਹੁੰਦੀ ਹੈ।
{ਸੰ. ਪੋ. ਭਾਗ-ਸੱਤ ਪੰ: ੩੨੩੯}

68. ਜੇ 'ਸਭ ਫਲ ਪਾਏ' ਤੇ 'ਬੰਧਨ ਕਟੀਐ' ਪਦਵੀ ਨੂੰ ਅਪੜਨਾ ਹੈ ਤਾਂ ਸੱਚਾ ਨਾਮ ਸਾਰੀ ਉਮਰ, ਜਦ ਤਕ ਜੀਵੋ, ਜਪੋ, ਪਰ ਵਿਕਾਰਾਂ ਸੰਯੁਕਤ ਰਹਿਕੇ ਨਹੀਂ, ਕਾਮ ਆਦਿ ਪੰਜੇ ਵਿਕਾਰ ਦੂਰ ਕਰ ਦਿਓ। ਵਿਕਾਰ ਦੂਰ ਹੁੰਦੇ ਹਨ ਮਨ ਦੇ ਦ੍ਰਿੜ ਸੰਕਲਪ ਨਾਲ, ਮਨ ਦੀ ਵੀਚਾਰ ਨਾਲ, ਕਿ ਇਨਾਂ (ਵਿਕਾਰਾਂ) ਦਾ ਪ੍ਰਣਾਮ ਭੈੜਾ ਹੈ, ਤੇ ਦੂਰ ਹੁੰਦੇ ਹਨ ਹਰੀ ਸਿਮਰਨ ਨਾਲ, ਕਿਉਂਕਿ ਇਸ (ਸਿਮਰਨ) ਨਾਲ ਕਿਸੇ ਵਿਸ਼ੇਸ਼ ਸੁਆਦ ਦਾ ਝਲਕਾ ਵੱਜਣ ਲਗ ਜਾਂਦਾ ਹੈ, ਤੇ ਉਹ (ਨਾਮ) ਰਸ ਜਿਉਂ ਜਿਉਂ ਪੈਂਦਾ ਹੈ, ਇਹ (ਵਿਕਾਰਾਂ ਦਾ) ਰਸ ਓਪਰਾ ਤੇ ਵਿਘਨਕਾਰੀ ਲਗ ਲਗ ਕੇ ਛੁਟਦਾ ਹੈ।..... (ਪਰ) ਗੁਰੂ ਦੀ ਮਿਹਰ ਨੂੰ ਅਪਣੇ ਨਾਮ ਜਪ ਦੀ ਸਹਾਯਕ ਬਣਾਓ।
{ਸੰ. ਪੋ. ਭਾਗ-ਸੱਤ ਪੰ: ੩੨੪੨}

69. ਇਨਸਾਨ ਦੀ ਖ਼ਸਲਤ ਦੱਸੀ ਹੈ ਕਿ ਜੋ ਸੁਤੇ ਹੀ ਬਦੀ ਰੁਖੀਆ ਰਹਿੰਦੀ ਹੈ, ਉਸ ਨੂੰ ਬਦਲਨਾ ਹੈ, ਉਹ ਬਦਲਦੀ ਹੈ ਸਤਿਸੰਗ ਵਿੱਚ ਜਾਕੇ।..... ਸਤਿਸੰਗ ਵਿੱਚ ਜਾਣ ਲਈ ਪ੍ਰੇਰਨਾ ਕੀਤੀ ਇਹ ਠਹੇਲਾ ਦੇਕੇ ਕਿ ਮੂਰਖ ਗਾਫ਼ਲੀ ਕਦ ਤਕ (ਕਰਦਾ ਰਹੇਂਗਾ), ਸਦਾ ਨਹੀਂ ਜੀਉਣਾ, ਤੇ ਮੌਤ ਦਾ ਕੋਈ ਵਕਤ ਨਹੀਂ, ਉਹ ਦੁਆਲੇ ਘੁੰਮ ਰਹੀ ਸਮਝ ਕੇ ਇਸ ਮਿਲੇ ਵਕਤ ਨੂੰ ਗ਼ਨੀਮਤ ਜਾਣ ਤੇ ਚੱਲ ਸਤਿਸੰਗ ਵਿਚ।
{ਸੰ. ਪੋ. ਭਾਗ-ਸੱਤ ਪੰ: ੩੨੩੯}

70. ਵਾਹਿਗੁਰੂ ਜੀ ਨੇ ਮੈਨੂੰ ਪ੍ਰੇਮ ਕਿਸੇ ਆਪਣੀ ਗ਼ਰਜ਼ ਲਈ ਨਹੀਂ ਦਿਤਾ ਸਗੋਂ ਮੇਰੀ ਹੀ ਪਤ ਕੱਜਣ ਵਾਸਤੇ ਦਿੱਤਾ ਹੈ, ਮੇਰੀ ਨੰਗੀ ਰੂਹ ਖ਼ਬਰੇ

ਕਿਸ ਕਿਸ ਦੀ ਨਜ਼ਰ ਹੇਠ ਆਕੇ ਮੈਲੀਆਂ ਨਜ਼ਰਾਂ ਦਾ ਦ੍ਰਿਸ਼ਯ ਬਣਦੀ, ਅਪਣਾ ਪ੍ਰੇਮਦਾਨ ਕਰਕੇ ਤੂੰ ਮੈਨੂੰ ਢੱਕ ਲਿਆ ਹੈ, ਹੁਣ ਕਿਸੇ ਦੀ ਮੈਲੀ ਨਜ਼ਰ ਪੈ ਹੀ ਨਹੀਂ ਸਕਦੀ।

{ਸੰ. ਪੋ. ਭਾਗ-ਸੱਤ ਪੰ: ੩੨੪੭}

71. ਸਿਮਰਣ ਨਾਲ ਸਾਈਂ ਦੇ ਹੋ ਜਾਈਦਾ ਹੈ, ਜਿਸ ਦੇ ਹੋ ਜਾਓ, ਉਸਦਾ ਬਿਰਦ ਤੁਹਾਡੀ ਰਖਜਾ ਹੋ ਜਾਂਦੀ ਹੈ, ਉਸ ਦੀ ਪਤ ਆਪ ਬਚਾਉਂਦਾ ਹੈ।

{ਸੰ. ਪੋ. ਭਾਗ-ਸੱਤ ਪੰ: ੩੨੪੭}

72. ਗੱਪਾਂ ਮਾਰਨ ਦਾ ਮਾਰਗ ਨਾ ਧਾਰਨ ਕਰੋ, ਅਮਲੀ ਜੀਵਨ ਬਣਾਓ ਤੇ ਪ੍ਰੇਮ ਰਸ ਪ੍ਰਾਪਤ ਕਰੋ, ਨਿਰੀ ਵਾਕ ਰਚਨਾ ਨਾਲ ਪ੍ਰੇਮ ਰਸ ਨਹੀਂ ਮਿਲਦਾ।

{ਸੰ. ਪੋ. ਭਾਗ-ਸੱਤ ਪੰ: ੩੨੫੬}

73. ਵਾਹਿਗੁਰੂ ਜੀ ਦਾ ਪ੍ਰੇਮ ਵਾਹਿਗੁਰੂ ਜੀ ਦੀ ਮਿਹਰ ਨਾਲ ਲਗਦਾ ਹੈ ਪਰ ਵਸੀਲਾ ਸਾਧ ਸੰਗ ਬਣਦਾ ਹੈ। ਸਾਧ ਸੰਗ ਵਿਚ ਨਾਮ ਪ੍ਰਾਪਤ ਹੁੰਦਾ ਹੈ, ਇਸ ਕਰਕੇ ਨਾਮ ਸਿਮਰਣ ਦਾ ਉਪਦੇਸ਼ ਦਿੱਤਾ ਹੈ।

{ਸੰ. ਪੋ. ਭਾਗ-ਸੱਤ ਪੰ: ੩੨੫੮}

74. ਪਰਮੇਸ਼ਰ ਦਾ ਨਾਮ ਪਾਪ ਨਾਸ਼ਕ ਹੈ, ਪਾਪਾਂ ਦਾ ਫਲ ਦੁਖ ਹੁੰਦਾ ਹੈ, ਸੋ ਪਾਪ ਦੂਰ ਹੋਇਆਂ ਦੁੱਖ ਦੂਰ ਹੁੰਦੇ ਹਨ। ਇਸਦੇ ਉਲਟ ਜੋ 'ਨਾਮ ਵਿਸਾਰਾ' ਹੈ ਦੁੱਖਾਂ ਦਾ ਕਾਰਣ ਹੈ, ਕਿਉਂਕਿ ਉਸ ਹਾਲਤ ਵਿਚ ਪਾਪ ਸਲਾਮਤ ਰਹਿੰਦੇ ਹਨ ਤੇ ਅਪਣਾ ਦੁੱਖ ਕਲੇਸ਼ ਦੇਣ ਦਾ ਕੰਮ ਕਰਦੇ ਰਹਿੰਦੇ ਹਨ।

{ਸੰ. ਪੋ. ਭਾਗ-ਸੱਤ ਪੰ: ੩੨੬੨}

75. ਨਾਮ ਸਿਮਰਨ ਕੋਈ ਢਹਿੰਦੀਆਂ ਕਲਾਂ ਦੀ ਵਸਤੂ ਨਹੀਂ... ਦੁਨੀਆਂ ਵਿਚ ਵਸਦਿਆਂ, ਕੰਮ ਕਾਜ ਕਰਦਿਆਂ, ਖਾਂਦਿਆਂ, ਪੀਂਦਿਆਂ, ਪਹਿਨਦਿਆਂ, ਖੇਡਦਿਆਂ ਰਹਣੇ ਦੀ ਕੋਈ ਮਨਾਹੀ ਨਹੀਂ। ਕਿਉਂਕਿ

ਏਹ ਕਰਮ ਨਿਰਅਪ੍ਰਾਧਤਾ ਵਾਲੇ ਹਨ ਤੇ ਸ਼ਰੀਰ ਦੀ ਅਰੋਗਤਾ ਲਈ ਜ਼ਰੂਰੀ ਹੈਨ। ਦੂਸਰੇ ਨਾਮ ਨੇ ਕਿਲਵਿਖ ਕੱਟਕੇ ਸੁਖ ਦੇ ਘਰ ਵਿਚ ਲਿਆਉਣਾ ਹੈ। ਸੁਖ ਅਵਸਥਾ ਢਹਿੰਦੀਆਂ ਕਲਾਂ ਨਹੀਂ ਹੁੰਦੀ। ਉਹ ਰਸਮਯ ਅਨੰਦਮਯ ਹੁੰਦੀ ਹੈ। ਤੀਸਰੇ, ਨਾਮ ਸਿਮਰਦਿਆਂ ਜਦ ਅੰਦਰਲੇ ਮਨ-ਤਹਲੀਅਲ-ਵਿਚ ਨਾਮ ਸਿੰਜਰ ਜਾਂਦਾ ਹੈ ਤਦ ਉਹ ਫੇਰ ਭੁਲਦਾ ਨਹੀਂ, ਜੈਸੇ ਕਿ ਸਤਿਗੁਰੂ ਜੀ ਦਾ ਵਾਕ ਹੈ-

**"ਬਿਸਰਤ ਨਾਹਿ ਮਨ ਤੇ ਹਰੀ॥**
**ਅਬ ਇਹ ਪ੍ਰੀਤਿ ਮਹਾ ਪ੍ਰਬਲ ਭਈ ਆਨ ਬਿਖੈ ਜਰੀ॥"**

{ਗੁ: ਗ੍ਰ: ਪੰਨਾ-੧੧੨੧, ਸੰ. ਪੋ. ਭਾਗ-ਸੱਤ ਪੰ: ੩੨੬੨}

76. ਨਾਮ ਦੁੱਖ ਕੱਟਣ, ਭਰਮ ਕੱਟਣ ਤੇ ਸੁਖ ਦੇਣ ਦਾ ਖਜ਼ਾਨਾ ਹੈ, ਫਿਰ ਖ਼ਜ਼ਾਨਾ ਆਪ ਪਛਾਨਣ ਦਾ ਖ਼ਜ਼ਾਨਾ ਹੈ, ਸ੍ਵੈ-ਸਰੂਪ ਦੀ ਲੱਖਤਾ ਕਰਾ ਦੇਂਦਾ ਹੈ।

{ਸੰ. ਪੋ. ਭਾਗ-ਸੱਤ ਪੰ: ੩੨੬੩}

77. ਵਾਹਿਗੁਰੂ ਸਰਬ ਸ਼ਕਤੀਮਾਨ ਹੈ, ਉਸ ਦੀ ਓਟ ਲੈਕੇ ਫੇਰ ਕਿਸੇ ਤੋਂ ਕਾਸਨੂੰ ਡਰਨਾ। ਕਰਨੇ ਯੋਗ ਗੱਲ ਹੈ ਫੇਰ ਗੁਰਮਤਿ ਦੁਆਰਾ ਨਾਮ ਸਿਮਰਨ। ਜਦ ਸਿਮਰਨ ਨਾਲ ਉਹ ਮਨ ਵਿਚ ਆ ਵਸਦਾ ਹੈ ਤਾਂ ਸਤਜ ਸਰੂਪ ਹੋ ਕੇ ਸਦਾ ਵੱਸਦਾ ਰਹਿੰਦਾ ਹੈ।

{ਸੰ. ਪੋ. ਭਾਗ-ਸੱਤ ਪੰ: ੩੨੬੪}

78. (ਨਾਮ ਦੀ) ਸੰਮ੍ਹਾਲ ਦਾ ਭਾਵ ਹੈ ਯਾਦ, ਜੋ ਕੀਮਤੀ ਸ਼ੈ ਵਾਂਙੂ ਸੰਭਾਲ ਸੰਭਾਲ ਕੇ ਰਖੀਦੀ ਹੈ।

{ਸੰ. ਪੋ. ਭਾਗ-ਸੱਤ ਪੰ: ੩੨੬੮}

79. ਇਕੱਲੇ ਕੁਸੰਗ ਤੋਂ ਬਚਣਾ ਕਠਨ ਹੁੰਦਾ ਹੈ, ਵਾਹਿਗੁਰੂ ਦੇ ਚਰਨਾਂ ਵਿੱਚ ਅਰਦਾਸ ਕਰਿਆ ਕਰੋ ਕਿ ਮੈਨੂੰ ਕੁਸੰਗ ਤੋਂ ਬਚਾਓ।

{ਸੰ. ਪੋ. ਭਾਗ-ਸੱਤ ਪੰ: ੩੩੩੯}

 www.sikhbookclub.com

80. ਸਾਰੇ ਭਰਮ ਛੱਡਕੇ ਉਸਦੀ ਸ਼ਰਨੀ ਪੈ ਜਾਓ। ਉਸ ਦੇ ਗੁਣ ਕਥਨ, ਉਸ ਦੇ ਨਾਮ ਅਰਾਧਨ, ਉਸ ਅਗੇ ਅਰਦਾਸ, ਉਸ ਦੇ ਸ਼ੁਕਰ ਆਦਿ ਵਿਚ ਚਿਤ ਨੂੰ ਲਾਈ ਰੱਖੋ, ਐਉਂ ਤੁਸੀਂ ਉਸ ਨੂੰ ਮਿਲ ਪਓਗੇ। ਇਸ ਉਪਾਉ ਨਾਲ ਮਾਇਆ ਬਿਲਾ ਜਾਏਗੀ ਤੇ ਯਥਾਰਥ ਹੀ ਯਥਾਰਥ, ਆਪ ਅਕਾਲ ਪੁਰਖ, ਵਿਚ ਸਮਾਈ ਹੋ ਜਾਏਗੀ।
{ਸੰ. ਪੋ. ਭਾਗ-ਸੱਤ ਪੰ: ੩੩੪੮}

81. (ਨਾਮ) ਦੁਆਰਾ ਮਨ ਵਾਹਿਗੁਰੂ ਜੀ ਨਾਲ ਪ੍ਰੋ ਹੋ ਜਾਂਦਾ ਹੈ, ਅਰਥਾਤ ਵਾਹਿਗੁਰੂ ਜੀ ਵਿਚ ਪ੍ਰੇਮ ਨਾਲ ਬੱਝ ਯਾ ਲਗ ਜਾਂਦਾ ਹੈ।
{ਸੰ. ਪੋ. ਭਾਗ-ਸੱਤ ਪੰ: ੩੩੫੩}

82. (ਗੁਰਬਾਣੀ ਨੇ) ਮਨਮੁਖਾਂ ਦੇ ਤਰਨ ਦਾ ਬੀ ਉਪਾਉ ਦੱਸਿਆ ਹੈ ਕਿ ਓਹ ਬੀ ਜੇ ਸ਼ਰਣੀ ਆ ਪੈਣ ਤੇ 'ਰੱਖ ਲਓ' 'ਰੱਖ ਲਓ' ਦੀ ਸੱਚੀ ਦੁਹਾਈ ਪਾ ਦੇਣ ਤਾਂ ਗੁਰੂ ਪਰਮੇਸ਼ਰ ਉਨ੍ਹਾਂ ਨੂੰ ਰੱਖ ਲੈਂਦੇ ਹਨ।
{ਸੰ. ਪੋ. ਭਾਗ-ਸੱਤ ਪੰ: ੩੩੫੩}

83. ਜਗਤ ਵਿੱਚ ਸਭ ਸ਼ੁਭ ਕਰਨੀਆਂ, ਸ਼ੁਭ ਕਰਮਾਂ ਤੋਂ ਸ੍ਰੇਸ਼ਟ ਹਰੀ ਨਾਮ ਹੈ, ਜੋ ਹਰੀ ਜਸ ਦੇ ਭਾਵ ਵਿਚ ਆਕੇ ਕਰੀਦਾ ਹੈ। ਜਿਵੇਂ ਪਿਜਾਰੇ ਨੂੰ ਯਾਦ ਕਰੀਦਾ ਹੈ ਤਾਂ ਉਸ ਦੇ ਸ਼ੁਭ ਗੁਣਾਂ ਦੀ ਕੀਰਤੀ ਦੇ ਭਾਵ ਵਿਚ ਭਰਕੇ ਕਰੀਦਾ ਹੈ। ਇਸ ਤਰ੍ਹਾਂ ਹਰੀ ਨਾਮ ਜਪਿਆਂ ਮਨ ਪਵਿੱਤ੍ਰ ਹੋ ਜਾਂਦਾ ਹੈ, ਅਰਥਾਤ ਮਨ ਵਿਚ ਵੱਸਦੇ ਪਾਪਾਂ, ਕਿਲਵਿਖਾਂ ਦੇ ਸੰਸਕਾਰ ਧੋਤੇ ਜਾਂਦੇ ਹਨ; ਨਾ ਕੇਵਲ ਪਾਪ ਧੋਤੇ ਜਾਂਦੇ ਹਨ, ਜੋ ਦੁੱਖ ਪ੍ਰਾਪਤ ਹੁੰਦੇ ਹਨ, ਉਹ ਬੀ ਧੋਪਦੇ ਹਨ।
{ਸੰ. ਪੋ. ਭਾਗ-ਸੱਤ ਪੰ: ੩੩੫੬}

84. ਹਰੀ ਨਾਮ ਧਿਆਉਣ ਨਾਲ ਪੰਜੇ ਵਿਕਾਰ ਕਾਬੂ ਵਿਚ ਆ ਜਾਂਦੇ ਹਨ। ਅਰਥਾਤ ਅਗੋਂ ਜੀਵਨ ਵਿਕਾਰਾਂ ਵਾਲਾ ਨਹੀਂ ਰਹਿੰਦਾ। ਇਉਂ ਜਦ ਅੰਦਰ ਸੁਖ ਹੋ ਜਾਂਦਾ ਹੈ ਤਾਂ ਅੰਤ੍ਰੀਵ ਲਾਭ ਇਹ ਹੁੰਦਾ ਹੈ ਕਿ ਅਕਾਲ ਪੁਰਖ ਦੀ ਲੱਖਤਾ ਹੋ ਆਉਂਦੀ ਹੈ। ਇਸ ਅਵਸਥਾ

ਵਿਚ ਪਹੁੰਚਕੇ ਸਭ ਤ੍ਰਿਸ਼ਨਾ ਦੂਰ ਹੋ ਜਾਂਦੀ ਹੈ, ਕਿਸੇ ਗੱਲ ਦੀ ਵਾਸ਼ਨਾ ਆਸਾ ਦੁੱਖ ਨਹੀਂ ਦੇਂਦੀ।

{ਸੰ. ਪੋ. ਭਾਗ-ਸੱਤ ਪੰ: ੩੩੫੬}

85. ਸ਼ਰਨ ਲਓ, ਚਾਹੋ ਆਤਮ ਜੀਵਨ ਵਿਚ ਮੁਰਦੇ ਹੋਵੋ ਤਦ ਬੀ ਆਤਮ ਜੀਵਨ ਵਿਚ ਜੀਉ ਪਵੋਗੇ।

{ਸੰ. ਪੋ. ਭਾਗ-ਸੱਤ ਪੰ: ੩੩੫੬}

86. ਪਾਪ ਕਰਨੇ ਤੇ ਪ੍ਰਭੂ ਅੱਗੇ ਬਹਾਨੇ ਕਰਨੇ ਮਨਮੁਖਤਾ ਹੈ। ਮਨਮੁਖ ਜੋ ਘਾਲ ਕਰਨ ਉਹ ਬੀ ਬਿਰਥਾ ਜਾਂਦੀ ਹੈ, ਕਿਉਂਕਿ ਹਉਂ ਨਾਲ ਕਰਦੇ ਹਨ।

{ਸੰ. ਪੋ. ਭਾਗ-ਸੱਤ ਪੰ: ੩੩੬੨}

87. ਉਹ (ਪ੍ਰਭੂ) ਤਾਂ ਸਦਾ ਨਾਲ ਹੈ, ਪਰ ਮਨਮੁਖਾਂ ਨੂੰ ਨਾਲ ਭਾਸਦਾ ਨਹੀਂ, ਉਹ ਦੂਰ ਜਾਣਦੇ ਤੇ ਪੜਦੇ ਪਾਉਂਦੇ ਤੇ ਮੁੱਕਰਦੇ ਹਨ, ਇਹ ਵਿਥ ਪੈਂਦੀ ਹੈ। ਇਸਦੇ ਉਲਟ ਗੁਰਮੁਖ ਮਨ ਨੂੰ ਗੁਰਮਤਿ ਦੀ ਰੌਸ਼ਨੀ ਵਿਚ ਰਖਦੇ ਆਪਣੇ ਅਵਗੁਣ ਦੇਖਦੇ ਤੇ ਭੁੱਲਾਂ ਬਖਸ਼ਾਉਂਦੇ ਰਹਿੰਦੇ ਹਨ, ਕਿਉਂਕਿ ਵਾਹਿਗੁਰੂ ਨੂੰ ਹਾਜ਼ਰਾ ਹਜ਼ੂਰ ਜਾਣਦੇ ਹਨ। ਇਹੋ ਜਾਣਕੇ ਉਸ ਵਿਚ ਸਿਮਰਨ ਨਾਲ ਧਿਆਨ ਜੋੜੀ ਰਖਦੇ ਹਨ, ਉਨ੍ਹਾਂ ਨੂੰ ਉਹ ਫਿਰ ਹਾਜ਼ਰਾ ਹਜ਼ੂਰ ਦਿੱਸਦਾ ਹੈ।

{ਸੰ. ਪੋ. ਭਾਗ-ਸੱਤ ਪੰ: ੩੩੬੪}

88. (ਪ੍ਰਭੂ ਦੀ) ਲੱਖਤਾ ਸਹਸ ਸਿਆਣਪਾ ਨਾਂਲ ਨਹੀਂ ਹੁੰਦੀ, ਕਿਉਂਕਿ ਸਿਆਣਪਾਂ ਵਾਲਾ ਹਉਂ ਵਿਚ ਵੱਸਦਾ ਹੈ ਤੇ ਹਉਂ ਪਰਦਾ ਹੈ, ਗੁਰਮਤਿ ਪ੍ਰੇਮ ਤੇ ਨੰਮ੍ਰਤਾ ਸਿਖਾਲਦੀ ਹੈ, ਜਿਸ ਨਾਲ ਪਰਦਾ ਦੂਰ ਹੋ ਜਾਂਦਾ ਹੈ।

{ਸੰ. ਪੋ. ਭਾਗ-ਸੱਤ ਪੰ: ੩੩੬੪}

89. ਦੁਨੀਆਂ ਵਿਚ ਦੁਖ ਪੀੜਾ ਦੇਖਕੇ ਇਨਸਾਨੀ ਦਿਲ ਘਾਬਰਦਾ ਹੈ, ਗੁਰੂ ਜੀ ਦਸਦੇ ਹਨ ਕਿ ਇਹ ਕਰਮਾ ਦਾ ਫਲ ਹੈ ਤੇ ਕਰਮ ਫਲ ਪ੍ਰਦਾਤਾ ਵਾਹਿਗੁਰੂ ਆਪ ਹੈ, ਪਰ ਉਹ ਅਨਿਆਈ ਨਹੀਂ, ਧਰਮ

ਦਾ ਨਿਆਂ ਕਰਦਾ ਹੈ। ਚਾਹੋ ਸਾਨੂੰ ਕਾਰਨਾਂ ਦਾ ਥਹੁ ਨਾ ਪਵੇ, ਚਾਹੋ ਪਵੇ, ਪਰ ਕਰਨਹਾਰ ਧਰਮ ਦਾ ਨਿਆਂ ਕਰਦਾ ਹੈ।
{ਸੰ. ਪੋ. ਭਾਗ-ਸੱਤ ਪੰ: ੩੩੬੭}

90. (ਪ੍ਰਭੂ) ਸ਼ਰਨ ਆਉਣਾ ਸਾਡਾ ਹੱਕ ਨਹੀਂ ਬਣਾ ਦੇਂਦਾ ਕਿ ਉਹ ਮਜਬੂਰ ਹੋਕੇ ਸਾਨੂੰ ਮਿਲੇ, ਇਹ ਉਸਦਾ ਬਿਰਦ ਹੈ। ਬਿਰਦ ਕਹਿਣ ਵਿਚ ਉਸਦੀ ਸੁਤੰਤ੍ਰਤਾ ਬੀ ਕਾਇਮ ਰਹਿੰਦੀ ਹੈ। ਚਾਹੋ ਕਿਰਪਾ ਕਰੇ ਚਾਹੋ ਨਾ, ਪਰ ਉਸਦਾ ਮੇਹਰ ਦਾ ਸੁਭਾਵ ਐਸਾ ਪ੍ਰਬਲ ਦਿਸ ਪੈਂਦਾ ਹੈ ਕਿ ਜਗਜਾਸੂ ਦੀ ਨਿਰਾਸਤਾ ਦੂਰ ਹੋ ਜਾਂਦੀ ਹੈ ਤੇ ਉਸਦੀ ਮੁਰਾਦ ਵੀ ਪੂਰੀ ਹੋ ਜਾਂਦੀ ਹੈ।
{ਸੰ. ਪੋ. ਭਾਗ-ਸੱਤ ਪੰ: ੩੩੭੭}

91. ਸਤਿਸੰਗ ਵਿਚ ਨਿਵਾਸ ਕਰੋ, ਓਥੇ ਨਾਮ ਦਾ ਪ੍ਰੇਮ ਲਗੇਗਾ, ਪਾਪ ਨਾਸ਼ ਹੋਣਗੇ, ਅਗ੍ਯਾਨ ਤੇ ਜਨਮ ਮਰਨ ਦੇ ਦੁੱਖ ਦੂਰ ਹੋਣਗੇ।
{ਸੰ. ਪੋ. ਭਾਗ-ਸੱਤ ਪੰ: ੩੩੭੯}

92. ਗੁਰਮੁਖ ਸੇਵਾ ਨਾਲ ਬਣਦਾ ਹੈ, ਸੇਵਾ ਹੈ ਹਰੀ ਨਾਮ ਸਿਮਰਨ ਤੇ ਹਰੀ ਯਸ਼ ਕਰਨਾ।
{ਸੰ. ਪੋ. ਭਾਗ-ਸੱਤ ਪੰ: ੩੩੯੯}

93. ਤਨਖ਼ਾਹਦਾਰ ਨੌਕਰ ਇਸ ਡਰ ਹੇਠ ਕੰਮ ਕਰਦਾ ਹੈ ਕਿ ਮੈਨੂੰ ਹਟਾ ਨਾ ਦੇਣ। ਇਸ, ਨੌਕਰ ਕਹੋ, ਚਾਕਰ ਕਹੋ, ਨੂੰ ਡਰ ਪ੍ਰੇਰਕ ਹੁੰਦਾ ਹੈ ਟਹਿਲ ਦਾ। ਤਿਵੇਂ ਸੇਵਾ ਜੋ ਸਤਿਗੁਰੂ ਦੀ ਕਰਨੀ ਹੈ ਉਸ ਵਿਚ ਪਹਿਲਾ ਅੰਗ 'ਭੈ' ਦਾ ਹੈ। ਜੇ ਉਹ ਨਾਲ ਮਾਲਿਕ ਦੀ ਰਜ਼ਾ ਪਛਾਣਨ ਲਗ ਜਾਏ ਤਾਂ ਮਾਲਕ ਵਧੇਰੇ ਖੁਸ਼ ਹੁੰਦਾ ਹੈ। ਇਹ ਦੋ ਸਿਫ਼ਤਾਂ ਤਾਂ ਨੌਕਰ ਤੋਂ ਸੇਵਕ ਸਿਖੇ। ਤੀਸਰੀ ਗਲ ਜੋ ਉਸ ਨੂੰ ਵੱਖਰਾਪਨ ਦਿੰਦੀ ਹੈ ਉਹ ਪ੍ਰਭੂ ਦੀ ਚਾਹਨਾ ਵਿਚ ਕਿ ਉਸ ਦੇ ਮਨ ਵਿਚ ਇਹ ਕਦੀ ਨਾ ਆਵੇ ਕਿ ਮੈਂ ਸੇਵਾ ਕਰਦਾ ਹਾਂ, ਉਤਮ ਸੇਵਕ ਹਾਂ, ਪਰ ਇਹ ਕਿ ਇਹ ਸੇਵਾ ਗੁਰੂ ਦੀ ਮੈਥੋਂ ਵਾਹਿਗੁਰੂ ਕਰਾ ਰਿਹਾ ਹੈ।

 www.sikhbookclub.com

94. ਇਕ ਨਾਮ ਹੀ ਐਸੀ ਵਸਤੂ ਹੈ ਕਿ ਜਿਸ ਵਿਚ ਦੀਨ ਦੁਨੀ ਦੀ ਕੀਰਤੀ, ਮਨ ਆਤਮਾਂ ਦੀ ਸੁੰਦਰਤਾ, ਤੇ ਜਗਤ ਤੋਂ ਕਲਯਾਣ ਸਭ ਕੁਛ ਮੌਜੂਦ ਹੈ, ਕਿਉਂਕਿ ਉਸ ਨਾਮ ਵਿਚ, ਜੋ ਦਿਸਦਾ ਤਾਂ ਅੱਖਰਾਂ ਦਾ ਹੈ, ਪਰ ਉਸ ਨਾਮ ਵਿਚ, ਮਾਇਆ ਤੋਂ ਰਹਿਤ ਅਨੂਪ ਪ੍ਰਭੂ ਸਮਾਇਆ ਹੋਇਆ ਹੁੰਦਾ ਹੈ। **"ਹਰਿ ਸਿਮਰਨ ਮਹਿ ਆਪਿ ਨਿਰੰਕਾਰਾ"**

{ਸੁਖਮਨੀ ੧-੮, ਸੰ. ਪੋ. ਭਾਗ-ਤਿੰਨ ਪੰ: ੧੩੮੫}

95. ਮਾਨੁਖ ਦਾ ਮਨ ਹੀ ਇਸ ਦੀ ਬੰਧ ਤੇ ਮੋਖ ਦਾ ਕਾਰਣ ਹੈ। ਜੇ ਮਨ ਦੁਰਮਤਿ ਵਿਚ ਹੈ ਤਾਂ ਮਾਇਆ ਨਾਲ ਸੰਬੰਧਿਤ ਹੈ, ਪਰ ਜੇ ਮਨ ਗੁਰਮਤਿ ਵਿਚ ਹੈ ਤੇ ਆਪਾ ਨਿਵਾਰਦਾ ਹੈ ਤਾਂ ਆਤਮਾ ਨਾਲ ਜੁੜ ਜਾਂਦਾ ਹੈ। 'ਆਪਾ ਨਿਵਾਰਨਾ' ਹੈ ਵੈਰਾਗ, ਤੇ 'ਸੋਇ ਦੀ ਵੀਚਾਰ' ਹੈ ਗਿਆਨ। ਵੈਰਾਗ ਪ੍ਰਾਪਤ ਹੁੰਦਾ ਹੈ ਭਗਤੀ ਨਾਲ; ਕਿਉਂਕਿ ਜਦ ਰਾਮ ਨਾਲ ਰਾਗ ਕੀਤਾ ਜਾਂਦਾ ਹੈ ਤਦ ਸੰਸਾਰ ਨਾਲ ਤੇ ਅਪਣੇ ਸਰੀਰ ਨਾਲ ਤੇ ਮਨ ਨਾਲ ਵੈਰਾਗ ਹੋ ਜਾਂਦਾ ਹੈ। ਇਹ 'ਸਹਜ ਬੈਰਾਗ' ਹੈ।

{ਸੰ. ਪੋ. ਭਾਗ-ਤਿੰਨ ਪੰ: ੧੩੮੯}

96. ਸ਼ਰਨ ਵਿਚ ਪੈ ਜਾਣਾ ਭਗਤੀ ਦੇ ਮਾਰਗ ਦਾ ਮੂਲ ਸਾਧਨ ਹੈ।

{ਸੰ. ਪੋ. ਭਾਗ-ਸੱਤ ਪੰ: ੩੪੬੮}

97. **"ਜਪਿ ਜੀਵਾ ਪ੍ਰਭ ਚਰਣ ਤੁਮਾਰੇ॥"** (ਗੁ: ਗ੍ਰੰ: ਪੰਨਾ-563) ਭਾਵ (ਮੈਂ) ਨਾਮ ਸਿਮਰਨ ਦੁਆਰਾ ਆਪਦਾ ਧਿਆਨ ਧਾਰਕੇ ਆਤਮ ਜੀਵਨ ਪ੍ਰਾਪਤ ਕਰ ਲਵਾਂ।

{ਸੰ. ਪੋ. ਭਾਗ-ਸੱਤ ਪੰ: ੩੪੭੫}

98. ਰਸਨਾ ਨਾਲ ਹਰੀ ਦਾ ਜਪ ਕਰੋ ਤੇ ਮਨ ਵਿਚ ਮੰਗ ਹੋਵੇ ਹਰੀ ਪਾਸੋਂ ਕਿ ਤੁਸੀਂ ਇਕੋ ਹੀ ਇਸ ਸਿਮਰਨ ਦਾ ਨਿਸ਼ਾਨਾ ਮੇਰੇ ਮਨ ਵਿਚ ਹੋਵੋ। ਅਰਥਾਤ ਜਦ ਮੇਰੀ ਰਸਨਾ ਨਾਮ ਜਪ ਰਹੀ ਹੋਵੇ ਮੇਰਾ ਧਯਾਨ ਆਪਦੇ ਚਰਨਾਂ ਵਿਚ ਲਗਾ ਹੋਵੇ। ਹੋਰ ਕੋਈ ਮੰਗ

 www.sikhbookclub.com

ਸੰਸਾਰਕ ਯਾ ਕਿਸੇ ਹੋਰ ਪੂਜ ਦੀ ਅੰਦਰ ਨ੍ਹਾ ਹੋਵੇ।
{ਸੰ. ਪੋ. ਭਾਗ-ਤਿੰਨ ਪੰ: ੧੫੪੪}

99. ਨਾਮ ਜਪ ਜਦ ਹਰੀ ਨੂੰ ਧਯਾਨ ਵਿਚ ਰੱਖ ਕੇ ਕਰੀਦਾ ਹੈ ਤਾਂ ਹਉਮੈ ਸਹਿਜੇ ਸਹਿਜੇ ਦੂਰ ਹੁੰਦੀ ਜਾਂਦੀ ਹੈ।
{ਸੰ. ਪੋ. ਭਾਗ-ਤਿੰਨ ਪੰ: ੧੫੪੪}

100. ਤੇਰਾ ਧਰਮ ਤਾਂ ਅਰਦਾਸ ਕਰਨੀ ਹੈ ਤੇ ਮਿਹਰ ਕਰਨੀ ਵਾਹਿਗੁਰੂ ਦਾ ਧਰਮ ਹੈ, ਓਹ ਤੇਰੇ ਵੱਸ ਦੀ ਚੀਜ਼ ਨਹੀਂ।
{ਸੰ. ਪੋ. ਭਾਗ-ਸੱਤ ਪੰ: ੩੪੮੭}

101. ਪੁੰਨ ਦਾਨ ਤੇ ਅਨੇਕ ਤਰ੍ਹਾਂ ਦੀਆਂ ਕਰਨੀਆਂ ਨਾਮ ਦੇ ਬਰੱਬਰ ਨਹੀਂ ਹੋ ਸਕਦੀਆਂ, ਸਾਰ ਇਹ ਹੈ ਕਿ ਨਾਮ ਜਪੇ। ਵਾਹਿਗੁਰੂ ਦੀ ਨਦਰ ਉਤੇ ਤਕੀਆ (ਟੇਕ) ਰੱਖੇ, ਦੁਖ ਸੁਖ ਸਮ ਕਰਕੇ ਸਹੇ। ਸ਼ਿਕਵੇ ਸ਼ਿਕਾਇਤਾਂ ਨਾ ਕਰੇ, ਭਾਣੇ ਮੰਨਣ ਦੀ ਜਾਚ ਸਿਖੇ।
{ਸੰ. ਪੋ. ਭਾਗ-ਸੱਤ ਪੰ: ੩੪੮੭}

102. "ਨਾਮ ਸਿਮਰਨ"-ਪਤੀ (ਪਰਮੇਸ਼ਰ) ਨੂੰ ਉਰ ਵਿਚ ਧਾਰਨ ਕਰੇ, ਅਰਥਾਤ ਉਸ ਨੂੰ ਹਿਰਦੇ ਵਿਚ ਬਿਠਾ ਲਵੇ, ਕਦੇ ਵਿਸਾਰੇ ਨਾ। ਇਹ ਹੈ "ਨਾਮ ਸਿਮਰਨ"। ਨਾਮ ਦੇ ਅੰਦਰ ਨਿਰੰਤਰ ਵਾਸ ਹੋਏ ਬਿਨਾ ਸਮਝਣਾ ਕਿ ਮੇਰੀ 'ਭਾਵਨਾ ਮਾਤ੍ਰ' (ਜੋ ਸਦੈਵੀ ਨਾ ਹੋ ਗਈ ਹੋਵੇ) ਮਿਲਾਪ ਕਰਾਏਗੀ, ਠੀਕ ਨਹੀਂ। ਨਾਮ ਤੋਂ ਬਿਨਾਂ 'ਭਾਵਨਾ', 'ਪ੍ਰੀਤ', 'ਪਜਾਰ' ਸਦੈਵੀ ਤੇ ਪ੍ਰਪੱਕ ਨਹੀਂ ਹੁੰਦਾ।
{ਸੰ. ਪੋ. ਭਾਗ-ਚਾਰ ਪੰ: ੧੫੫੪}

103. ਓਹ ਨਦਰੀ ਹੈ, ਮਿਹਰ ਦਾ ਰੂਪ ਹੈ ਆਪ ਤ੍ਰੁਠੇਗਾ। ਕੀਕੂੰ ? ਤੁਸੀਂ ਨਾਮ ਦੁਆਰਾ ਉਸਦੇ ਹੋ ਜਾਓ। ਹਾਂ ਨਾਮ ਦਾ ਅਸਰ ਇਹੋ ਹੈ ਕਿ 'ਨਾਮ-ਪ੍ਰੇਮੀ' ਪ੍ਰਭੂ ਦਾ ਹੀ ਸਾਰਾ ਹੋ ਜਾਂਦਾ ਹੈ। ਉਸ ਦੀ ਹਜ਼ੂਰੀ ਵਿਚ ਵੱਸਦਾ ਹੈ, ਉਸ ਦੀ ਯਾਦ ਨਹੀਂ ਭੁਲਾਉਂਦਾ, ਉਸੇ ਦੇ ਆਸਰੇ ਪਰਨੇ ਜੀਉਂਦਾ ਹੈ ਤਦ ਪ੍ਰਭੂ ਨੂੰ ਉਸਤੇ ਦਇਆ ਆਉਂਦੀ

ਹੈ, ਉਹ ਨਦਰ ਕਰਦਾ ਹੈ, ਫਿਰ ਉਸ ਸਤਯ ਸਰੂਪ ਦਾ ਸਹਜੇ ਹੀ ਮਿਲਾਪ ਹੋ ਜਾਂਦਾ ਹੈ।
{ਸੰ. ਪੋ. ਭਾਗ-ਚਾਰ ਪੰ: ੧੫੫੫}

104. ਨਾਮ ਦੇ ਦੋ ਰੂਪ ਹਨ, ਸਰਗੁਣ ਰੂਪਤਾ ਵਿਚ ਇਸਦਾ ਰੂਪ ਹੈ ਜੋ ਉਚਾਰਨ ਹੁੰਦਾ ਹੈ। ਜੀਵ ਇਸ ਨੂੰ ਜਪਦਾ ਸਿਮਰਦਾ ਹੈ ਪਰ ਇਹ ਸਿਮਰਦਿਆਂ ਸਿਮਰਦਿਆਂ ਮਨ ਤੋਂ ਹਉਮੈਂ ਨੂੰ ਨਿਵਾਰਕੇ ਨਿਰਗੁਣ ਪ੍ਰਭੂ ਵਿਚ ਲੈ ਜਾਂਦਾ ਹੈ, ਇਹ ਇਸਦੀ ਨਿਰਗੁਣ ਰੂਪਤਾ ਹੈ।
{ਸੰ. ਪੋ. ਭਾਗ-ਸੱਤ ਪੰ: ੩੪੯੮}

105. 1. ਹਉਂ ਹੰਕਾਰ ਵਾਲੇ ਮਨ ਵਿਚ ਨਾਮ ਨਿਵਾਸ ਨਹੀਂ ਹੁੰਦਾ। 2. ਹਉਂ ਨਵਿਰਤੀ ਨਾਮ ਨਾਲ ਹੁੰਦੀ ਹੈ। 3. ਨਾਮ ਗੁਰੂ ਸੇਵਾ ਤੋਂ ਮਿਲਦਾ ਹੈ। 4. ਗੁਰੂ ਸੇਵਾ ਹੁਕਮ ਮੰਨਣੇ ਨਾਲ ਹੁੰਦੀ ਹੈ। ਸੋ ਗੁਰੂ ਹੁਕਮ ਮੰਨਕੇ 'ਹਰੀ ਚੇਤਿ', ਹਰੀ ਦਾ ਸਿਮਰਨ ਕਰੋ।
{ਸੰ. ਪੋ. ਭਾਗ-ਸੱਤ ਪੰ: ੩੪੬੭}

106. ਮਾਯਾ ਦਾ ਮੋਹ ਝੱਲ-ਪੁਣਾ ਹੈ, ਏਹ ਆਵਾਗਵਣ ਦਾ ਦਾਤਾ ਹੈ, ਇਸ ਨੂੰ ਨਾਮ ਕੱਟਦਾ ਹੈ, ਨਾਮ ਹਰੀ ਦੀ ਮਿਹਰ ਨਾਲ ਗੁਰੂ ਰਾਹੀਂ ਮਿਲਦਾ ਹੈ।
{ਸੰ. ਪੋ. ਭਾਗ-ਸੱਤ ਪੰ: ੩੫੦੫}

107. ਪ੍ਰੇਮ ਹੀਨ ਗਯਾਨ ਖੁਸ਼ਕ ਵਸਤੂ ਹੈ।
{ਸੰ. ਪੋ. ਭਾਗ-ਸੱਤ ਪੰ: ੩੫੧੯}

108. ਦੇਹ ਉਤੇ ਆਪ ਸਵਾਰ ਹੋਵੇ ਤਾਂ ਕਾਰਜ ਰਾਸ ਹੋਵੇਗਾ, ਦੇਹ ਨੂੰ ਆਪਣੇ ਉਤੇ ਸਵਾਰ ਨਾ ਹੋਣ ਦੇਵੇ। ਮਨ ਦੀਆਂ ਭੋਗ ਬ੍ਰਿਤੀਆਂ ਨੂੰ ਦੇਹ ਦੁਵਾਰਾ ਮਾਣਨ ਦਾ ਜੀਵਨ ਨਾ ਬਣਾਓ, ਮਨ ਨੂੰ ਭੋਗਾਂ ਤੋਂ ਉਪਰਾਮ ਪ੍ਰਭੂ ਪ੍ਰੇਮ ਵਿਚ ਲਾਕੇ ਪਵਿੱਤ੍ਰਤਾ, ਸੁੱਚਤਾ, ਸਿਮਰਨ ਤੇ ਹਰੀ ਪ੍ਰੇਮ ਦਾ ਜੀਵਣ ਬਸਰ ਕਰੋ।
{ਸੰ. ਪੋ. ਭਾਗ-ਸੱਤ ਪੰ: ੩੫੨੨}

109. ਜੇ ਤੁਸੀਂ ਸੱਚੇ ਪਤੀ ਵਾਹਿਗੁਰੂ ਦੇ ਪਯਾਰ ਵਿਚ ਆਕੇ ਉਸ ਨਾਲ ਪ੍ਰੇਮ ਦਾ ਜੀਵਨ ਬਸਰ ਕਰੋ ਤੇ ਸੰਸਾਰ ਦੀ ਮੋਹ ਮਾਯਾ ਵਾਲੇ ਵਿਕਾਰੀ ਜੀਵਨ ਤੋਂ ਉੱਚੇ ਹੋ ਜਾਓ ਤਾਂ ਇਹ ਜੀਉਂਦੇ ਮਰਨਾ ਹੈ, ਜਿਸ ਦੀ ਕੀਮਤ ਬਹੁਤ ਭਾਰੀ ਹੈ।
{ਸੰ. ਪੋ. ਭਾਗ-ਸੱਤ ਪੰ: ੩੫੪੪}

110. ਇਹ ਸੰਸਾਰ ਮੁਕਾਮ ਨਹੀਂ, ਮੰਜ਼ਲ ਨਹੀਂ, ਇਹ ਰਸਤੇ ਵਿਚ ਕੋਈ ਅਧਵਾਟੇ ਜੇਹਾ ਥਾਂ ਹੈ। ਕਿਤੋਂ ਆਇਆ ਹੈ ਤੇ ਕਿਤੇ ਜਾਏਗਾ, ਇਹ ਰਾਹ ਵਿਚ ਆਰਜ਼ੀ ਟਿਕਾਣਾ ਹੈ। ਇਹ ਸਮਝ ਕਰੋ ਤਾਂ ਇੱਥੇ ਮਨ ਫੇਰ ਫਸਕੇ ਮਾੜੇ ਕਰਮ ਨਹੀਂ ਕਰਦਾ।
{ਸੰ. ਪੋ. ਭਾਗ-ਸੱਤ ਪੰ: ੩੫੪੭}

111. (ਸ਼ਬਦ ਵਿਚ ਰੱਤੇ ਜਾਣ) ਨਾਲ ਸ਼ਰੀਰ ਦੇ ਅੰਦਰ ਗਯਾਨ ਰੂਪੀ ਤੀਰਥ ਪ੍ਰਗਟ ਹੋ ਆਉਂਦਾ ਹੈ। ਇਸੇ ਨੂੰ ਅੰਮ੍ਰਿਤ ਸਰੋਵਰ ਕਿਹਾ ਹੈ। ਇਸ ਵਿਚ ਨਹਾਤਿਆਂ ਆਤਮਾ ਨਿਰਮਲ ਤੇ ਸ਼ੁਧ-ਆਤਮਾ ਹੋ ਪਰਮ ਆਤਮਾ ਵਿਚ ਜਾ ਮਿਲਦੀ ਹੈ।
{ਸੰ. ਪੋ. ਭਾਗ-ਸੱਤ ਪੰ: ੩੫੭੧}

112. ਨਾਮ ਉਚਾਰਣ ਮਾਤ੍ਰ ਨਹੀਂ। ਇਹ ਉਚਾਰਣ ਪ੍ਰੀਤਿ ਹੈ, ਪ੍ਰੇਮ ਹੈ। ਇਸ ਨਾਲ ਸਾਂਈਂ ਦੇ ਦਰ ਪਤਿ ਰਹਿੰਦੀ ਹੈ।
{ਸੰ. ਪੋ. ਭਾਗ-ਸੱਤ ਪੰ: ੩੫੮੩}

113. ਪਰਪੱਕ ਨਿਸਚਾ ਤੇ ਤੱਤ੍ਵ-ਗਯਾਨ ਨਾਲੋ ਨਾਲ ਵਸਦੇ ਹਨ।
**"ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ॥
ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ॥"**
{ਸੁਖਮਨੀ-੯/੨, ਸੰ. ਪੋ. ਭਾਗ-ਚਾਰ ਪੰ: ੧੯੧੫}

114. ('ਨਾਮ') ਨਾਮੀ ਬੀ ਹੈ, ਨਾਮੀ ਨਾਲ ਅਭੇਦ ਹੋਣ (ਕਰਕੇ) ਤੇ (ਅਭੇਦ) ਕਰ ਦੇਣ ਕਰਕੇ ਪ੍ਰਭੂ ਬੀ ਹੈ।
{ਸੰ. ਪੋ. ਭਾਗ-ਸੱਤ ਪੰ: ੩੫੯੩}

 www.sikhbookclub.com

115. ਨਾਮ ਵਾਲੇ ਪੁਰਖਾਂ ਦੇ ਅੰਦਰ ਇਕ ਪੱਕੀ ਟੇਕ ਬਣ ਜਾਂਦੀ ਹੈ, ਜੋ ਸਾਂਈਂ ਨਾਲ ਅਭੇਦ ਹੁੰਦੀ ਹੈ। ਹਰ ਲੋੜ ਹਰ ਮੁਸ਼ਕਲ ਵੇਲੇ ਉਹ ਨਾਮ ਵਿਚ ਜਾਕੇ ਹਰ ਗੱਲ ਦਾ ਹੱਲ ਟੋਲਦਾ ਹੈ ਤੇ ਉਸਨੂੰ ਉਥੋਂ ਲੱਭਦਾ ਹੈ, ਕਿਉਂਕਿ ਨਾਮ ਦੀ ਤਾਰ ਅੰਦਰੋਂ ਨਾਮੀ ਨਾਲ ਟੈਲੀਫੋਨ ਵਾਂਙੂ ਜੁੜੀ ਹੁੰਦੀ ਹੈ।

{ਸੰ. ਪੋ. ਭਾਗ-ਸੱਤ ਪੰ: ੩੫੯੩}

116. ਪ੍ਰੀਤ ਤਾਂ ਹੈ ਜੇ ਦਾਤਾ ਨਾਲ ਪ੍ਰੀਤ ਹੋਵੇ ਤੇ ਦੁੱਖ ਸੁਖ ਹਰ ਹਾਲ ਪ੍ਰੇਮ ਵਿਚ ਰਹੇ ਤੇ ਪਯਾਰੇ ਦੀ ਰਜ਼ਾ ਮਿੱਠੀ ਕਰ ਮੰਨੇ, ਫੇਰ ਇਸਨੂੰ ਝਟ ਮਿਲਾਪ ਹੋ ਜਾਵੇ।

{ਸੰ. ਪੋ. ਭਾਗ-ਸੱਤ ਪੰ: ੩੬੦੧}

117. ਹੇ ਪਯਾਰੇ! ਜੇ ਤੂੰ ਮੇਰਾ ਹੱਥ ਫੜੀ ਰੱਖੇਂ ਤਾਂ ਤੈਨੂੰ ਕਦੇ ਨਾ ਛੱਡਾਂ। ਇਸ ਵਿਚ ਕਮਾਲ ਦੀ ਈਸ਼੍ਵਰ ਪਰਾਇਣਤਾ ਦਸੀ ਹੈ। ਜੇ ਤੂੰ ਫੜੀ ਰਖੇਂ ਤਾਂ ਮੈਂ ਕਦੇ ਨਾ ਛੱਡਾਂ। ਭਾਵ ਇਹ ਕਿ ਮੇਰੀ ਭਗਤੀ, ਮੇਰਾ ਪਿਆਰ ਆਪ ਦੀ ਦਾਤ ਤੇ ਆਪ ਦੇ ਆਸ਼੍ਰਿਤ ਹੈ।

{ਸੰ. ਪੋ. ਭਾਗ-ਚੌਥਾ ਪੰ: ੧੯੧੩-੧੪}

118. ਸਭ ਕੁਝ ਪ੍ਰਭੂ ਨੂੰ ਕਹੋ, ਹੋਰ ਨਾਲ ਗਲ ਨਾ ਕਰੋ, ਕੋਈ ਪੀੜਾ ਹਰਨੇ ਨੂੰ ਸਮਰਥ ਨਹੀਂ, ਉਸੇ ਦਾ ਕੀਤਾ ਵਰਤਦਾ ਹੈ, ਉਹੋ ਸਮਰਥ ਹੈ, ਸੋ ਉਸੇ ਤੇ ਆਸ ਧਰਨੀ ਉਚਿਤ ਹੈ।

{ਸੰ. ਪੋ. ਭਾਗ-ਪੰਜ ਪੰ: ੨੪੦੫}

119. ਇਸ ਸੰਸਾਰ ਰੂਪੀ ਬਿਖ ਦਾ ਦਾਰੂ ਨਾਮ ਹੈ, ਜਿਸ ਨਾਲ ਮਾਯਾ ਮੋਹ ਦੀ ਵਿਹੁ ਝੜ ਜਾਂਦੀ ਹੈ ਤੇ ਸੁਖ ਹੋ ਜਾਂਦਾ ਹੈ।..... ਇਸ ਜਗਤ ਪੀੜਾ ਨੂੰ ਪ੍ਰਭੂ ਜਾਣਦਾ ਹੈ, ਸੋ ਉਸ ਪਾਸ ਬੇਨਤੀ ਕਰੋ ਕਿ ਓਹ ਨਾਮ ਦੇਵੇ ਤਾਂ ਵਿਸ ਝੜੇ।

{ਸੰ. ਪੋ. ਭਾਗ-ਪੰਜ ਪੰ: ੨੪੦੫}

120. ਸਭ ਤੋਂ ਸ੍ਰੇਸ਼ਟ ਕਰਨੀ ਵਾਹਿਗੁਰੂ ਦਾ ਜਸ ਗਾਯਨ ਹੈ, ਇਹ ਉਤਮ ਵਸਤੂ ਗੁਰੂ ਦੀ ਸਿਖਯਾ ਨਾਲ ਪ੍ਰਾਪਤ ਹੁੰਦੀ ਹੈ। ਉਸ ਚਾਨਣੇ


www.sikhbookclub.com

ਵਿਚ ਅਗਜਾਨ ਦੂਰ ਹੋ ਜਾਂਦਾ ਹੈ ਤਦ ਸਹਿਜ ਪ੍ਰਾਪਤ ਹੋ ਜਾਂਦਾ ਹੈ, ਇਹ ਜਸ ਗਾਯਨ ਵਾਹਿਗੁਰੂ ਦੀ ਮੇਹਰ ਹੈ।
{ਸੰ. ਪੋ. ਭਾਗ-ਸੱਤ ਪੰ: ੩੬੩੨}

121. ਜੇ ਪ੍ਰਭੂ ਅਪਣੇ ਸੇਵਕ ਨੂੰ ਵਡਿਆਈ ਦੇਵੇ ਤਾਂ ਸੇਵਕ ਵਡਿਆਈ ਪ੍ਰਭੂ ਦੀ ਸਮਝੇ। ਸੈਨਤ ਇਹ ਹੈ ਕਿ ਜੀਵ ਵਡਿਆਈ ਨੂੰ ਆਪਣੀ ਸਮਝਕੇ ਵਡਿਆਈ ਵਿਚ ਫਸ ਨਾ ਜਾਵੇ, ਐਸਾ ਕਰਨੇ ਤੇ ਫੇਰ ਮਾਯਾ ਪੈ ਜਾਵੇਗੀ ਤੇ ਹਉਂ ਸਿਰ ਪੱਟ ਖਲੋਵੇਗੀ। ਇਸ ਦਾ ਇਲਾਜ (ਇਹ ਹੈ) ਕਿ ਵਡਿਆਈ ਮਿਲਿਆਂ ਨਾਮ ਅਰਾਧਨਾ ਨਾ ਛੱਡੇ, ਨਾਮ ਧਿਆਵੰਦਾ ਰਹੇ, ਏਥੇ ਓਥੇ ਨਾਮ ਹੀ ਆਸਰਾ ਹੈ, ਨਾਲ ਅਰਦਾਸ ਕਰਦਾ ਰਹੇ ਕਿ ਹੇ ਪ੍ਰਭੂ! ਮੈਨੂੰ ਤਾਣ ਤਕੀਆ ਤੇਰੇ ਨਾਮ ਦਾ ਰਹੇ, ਤੁਸੀਂ ਮੈਨੂੰ ਸਦਾ ਸੁਖ ਬਖਸ਼ਦੇ ਰਹੋ, ਐਉਂ ਦੀ ਅਰਦਾਸ ਤੇ ਨਾਮ ਦੇ ਆਸਰੇ ਹਉਮੈ ਨਾ ਪਵੇਗੀ।
{ਸੰ. ਪੋ. ਭਾਗ-ਪੰਜ ਪੰ: ੨੪੦੫}

122. ਹਰੀ ਵਿਚ ਨਾਮ ਲਿਵ ਲਾਓ। ਲਿਵ ਜਪ ਅਰਥਾਤ ਨਾਮ ਸਿਮਰਨ ਨਾਲ ਲਗਦੀ ਹੈ। ਸਿਮਰਦਿਆਂ ਸਿਮਰਦਿਆਂ ਨਾਮ ਮਿੱਠਾ ਲੱਗ ਪੈਂਦਾ ਹੈ, ਮਿੱਠਾ ਲਗਦਿਆਂ ਲਿਵ ਲੱਗ ਜਾਂਦੀ ਹੈ। ਲਿਵ ਲਗਿਆਂ ਸਾਈਂ ਦੇ ਦਰ ਕਬੂਲ ਪੈ ਜਾਂਦਾ ਹੈ। ਪਰ ਇਹ ਮਿਠਾਸ ਯਾ ਲਿਵ ਯਾ ਪ੍ਰੀਤ ਗੁਰੂ ਬਿਨਾ ਨਹੀਂ ਪੱਲੇ ਪੈਂਦੀ। ਮਨਮੁਖ ਗੁਰੂ ਸ਼ਰਨ ਲੈਂਦਾ ਨਹੀਂ, ਸੋ ਉਹ ਜੋ ਕਰਮ ਪਰਮਾਰਥ ਸੰਬੰਧੀ ਕਰਦਾ ਬੀ ਹੈ, ਬਿਰਥਾ ਜਾਂਦੇ ਹਨ..... ਕਿਉਂਕਿ ਦ੍ਵੈਤ ਭਾਵਨਾ ਵਿਚ ਹੁੰਦੇ ਹਨ, ਇਕ ਪਰਮਾਤਮ ਭਾਵਨਾ ਵਿਚ ਨਹੀਂ ਹੁੰਦੇ।
{ਸੰ. ਪੋ. ਭਾਗ-ਸੱਤ ਪੰ: ੩੬੪੫}

123. ਤ੍ਰੈ ਗੁਣਾਂ (ਸਤ,ਰਜ,ਤਮ) ਕਰਕੇ ਫਸੀਦਾ ਹੈ, ਤ੍ਰੈਗੁਣ ਤਜਾਗੋ, ਤਜਾਗਣ ਦੀ ਵਿਧੀ ਨਾਮ ਸਿਮਰਣ ਹੈ। ਸਿਮਰਣ ਨਾਲ ਚੌਥੇ ਪਦ ਵਿਚ ਜਾਈਦਾ ਹੈ, ਜੋ ਸਹਜ ਅਵਸਥਾ ਹੈ।
{ਸੰ. ਪੋ. ਭਾਗ-ਸੱਤ ਪੰ: ੩੬੪੬}

124. ਸਾਰੀ ਆਤਮ ਜੀਵਨੀ ਨਾਮ ਤੋਂ ਪੈਦਾ ਹੁੰਦੀ ਹੈ, ਨਾਮ ਦੇ ਵਿਸਰ ਗਿਆਂ ਮਰ ਜਾਂਦੀ ਹੈ।
{ਸੰ. ਪੋ. ਭਾਗ-ਸੱਤ ਪੰ: ੩੬੪੬}

125. ਗੁਰੂ ਦੀ ਸੇਵਾ ਤੇ ਸੰਗਤ, ਗੁਰੂ ਤੋਂ ਨਾਮ ਪ੍ਰਾਪਤੀ ਤੇ ਮਿਹਰ ਨਾਲ ਆਤਮ ਸੁਖ ਪ੍ਰਾਪਤ ਹੁੰਦਾ ਹੈ, ਐਵੇਂ ਕੀਤੇ ਕਰਮ, ਤੇ ਪਾਠ ਆਦਿ ਜੋ ਮਾਯਕ ਪਕੜਾਂ ਵਿਚ ਕਰੀਦੇ ਹਨ, ਸੁੱਖ ਨਹੀਂ ਦੇਂਦੇ।
{ਸੰ. ਪੋ. ਭਾਗ-ਸੱਤ ਪੰ: ੩੬੪੭}

126. ਮਨ ਵਿਚ ਮਿੱਠਾ ਲਗਣ ਵਾਲਾ ਨਾਮ ਸ਼ਬਦ ਦੁਆਰਾ ਪ੍ਰਾਪਤ ਹੁੰਦਾ ਹੈ। ਅਰਥਾਤ ਸ਼ਬਦ ਗੁਰੂ ਦਾ ਉਪਦੇਸ਼ ਹੈ ਜਿਸ ਵਿਚ ਮੁੱਖ ਵਸਤੂ ਨਾਮ ਹੈ।
{ਸੰ. ਪੋ. ਭਾਗ-ਸੱਤ ਪੰ: ੩੬੪੯}

127. ਜਿਨ੍ਹਾਂ ਕੰਮਾਂ ਵਿਚ ਸੁਰਤ ਖਿੰਡੀ ਰਹੇ ਤੇ ਇਸ਼੍ਵਰ ਵਿਮੁਖ ਰਹੇ ਸੋ ਪ੍ਰੇਤ-ਕਰਮ ਹਨ।
{ਸੰ. ਪੋ. ਅਨੇਕ ਬਾਣੀਆਂ-੧ ਪੰ: ੯ ਫੁਟ ਨੋਟ}

128. ਬਾਹਲੇ ਪਦਾਰਥਾਂ ਤੇ ਅਡੰਬਰਾਂ ਵਿਚ ਮੁਹੱਬਤ ਨਹੀਂ ਚਾਹੀਦੀ, ਕਿਉਂ ਜੋ ਇਨ੍ਹਾਂ ਵਿਖੇ ਸ੍ਵਾਮੀ ਭੁੱਲ ਜਾਂਦਾ ਹੈ ਤੇ ਜੀਵਾਂ ਦੀ ਇਹ ਦਸ਼ਾ ਹੈ ਕਿ ਜੇ ਇਕ ਨਾਲ ਮੁਹੱਬਤ ਹੋ ਜਾਏ ਤਾਂ ਅਗੇ ਉਸਦੇ ਮੇਲੀਆਂ ਨਾਲ ਮੇਲ ਪਾ ਲੈਂਦੇ ਹਨ। ਇੱਕੁਰ ਨੇਹ ਵਿਚ ਨੇਹ ਪਾਕੇ ਫਸੋਤੀਆਂ ਦੀ ਸੰਗਲੀ ਪ੍ਰੋ ਲੈਂਦੇ ਹਨ।
{ਸੰ. ਪੋ. ਅਨੇਕ ਬਾਣੀਆਂ-੧ ਪੰ: ੧੪-੧੫}

129. ਗੁਰੂ ਜੀ ਦਾ ਉਪਦੇਸ਼ ਹੈ ਕਿ ਤੁਸੀਂ ਕਰਤਾਰ ਨੂੰ ਨਾ ਭੁਲਾਓ ਫੇਰ ਤੁਹਾਡੇ ਮਾਯਾ ਦੇ ਸੁਖ ਮਾੜੇ ਨਹੀਂ, ਯਥਾ:-"ਸੇ ਮਹਲ ਸਰਾਈ ਪਵਿਤੁ ਹੈ ਜਿਥੇ ਸਾਧ ਸੰਗਤਿ ਜਾਇ ਵਰਸਾਤੇ"; ਪ੍ਰੰਤੂ **"ਜਿਥੈ ਨਾਮੁ ਨ ਜਪੀਐ ਮੇਰੇ ਗੋਇਦਾ ਸੇਈ ਨਗਰ ਉਜਾੜੀ ਜੀਉ"**। (ਪੰ: 105) ਜੋ ਕਰਤਾਰ ਨਾਲ ਪ੍ਰੇਮ ਰਖਦੇ ਹਨ, ਭਾਵੇਂ

ਪੱਟ ਦੀਆਂ ਵਿਛਾਈਆਂ ਤੇ ਸੌਣ, ਪਰ ਜੋ ਰੱਬ ਤੋਂ ਬੇਮੁਖ ਹਨ, ਸੋ ਕਿਸੇ ਕੰਮ ਨਹੀਂ।

{ਸੰ. ਪੋ. ਅਨੇਕ ਬਾਣੀਆਂ-੧ ਪੰ: ੨੧}

130. ਝੂਠੇ ਪਦਾਰਥਾਂ ਨੂੰ ਦੇਖਕੇ ਉਨ੍ਹਾਂ ਵਿਖੇ ਸੁਖ ਕਿਉਂ ਮੰਨੀਏ, ਪਰ ਸ਼ੋਕ ਹੈ ਕਿ ਭੁੱਲੇ ਹੋਏ ਲੋਕ ਭੂਤਨਿਆਂ ਵਾਂਙੂ ਭਟਕਦੇ ਹਨ, ਕਾਰਨ ਇਹ ਹੈ ਕਿ ਓਹ ਗੁਰਦੇਵ ਤੋਂ ਵਿਹੂਣੇ ਹਨ। ਬਿਨਾਂ ਗੁਰੂ ਦੇ ਆਤਮਿਕ ਬੁਧਿ ਖੁੱਲ੍ਹਦੀ ਨਹੀਂ, ਜੋ ਲੋਗ ਨਿਗੁਰੇ ਹਨ ਭੂਤਨੇ ਵਤ ਹਨ। ਸੋ ਐਸਾ ਸੂਰਾ ਗੁਰੂ ਕੌਣ ਹੈ ਜੋ ਭੁੱਲੇ ਤੇ ਭਟਕੇ ਮਨੁੱਖ ਨੂੰ ਸੁਮੱਤ ਬਖਸ਼ਕੇ ਬਚਾ ਲਵੇ? ਇਸਦਾ ਭਾਈ ਗੁਰਦਾਸ ਜੀ ਪਤਾ ਦਿੰਦੇ ਹਨ, "ਜਗਤ ਗੁਰੂ ਗੁਰ ਨਾਨਕ ਦੇਉ"

{ਸੰ. ਪੋ. ਅਨੇਕ ਬਾਣੀਆਂ-੧ ਪੰ: ੨੨}

131. ਵਾਹਿਗੁਰੂ ਦਾ ਨਾਮ ਹਿਰਦੇ ਵਿਚ ਲਗਾਤਾਰ ਵਸਾਈ ਰਖੋ, ਇਸ ਨਾਲ ਪ੍ਰੇਮਾ ਭਗਤੀ ਦ੍ਰਿੜ ਹੋ ਜਾਏਗੀ, ਇਸ ਭਗਤੀ ਵਿਚ ਰੱਤਿਆਂ ਮੁਕਤੀ ਪ੍ਰਾਪਤ ਹੋ ਜਾਏਗੀ।

{ਸੰ. ਪੋ. ਭਾਗ-ਛੇ ਪੰ: ੨੬੬੭}

132. ਕਰਤਾਰ ਨਾਲ ਪਿਆਰ - ਇਸੇ ਨਾਲ ਅਭਿਮਾਨ ਦੂਰ ਹੁੰਦਾ ਹੈ, ਸਾਰੀਆਂ ਆਸਾ ਤ੍ਰਿਸ਼ਨਾ ਵਾਸ਼ਨਾ ਦਾ ਮੂਲ ਅਭਿਮਾਨ (ਹਉਂ) ਹੈ।

{ਸੰ. ਪੋ. ਭਾਗ-ਛੇ, ਪੰ: ੨੬੬੮}

133. ਗੁਰੂ ਦੇ ਸ਼ਬਦ (ਉਪਦੇਸ਼) ਦੀ ਵਿਚਾਰ ਕਰ ਕਰਕੇ ਹਰੀ ਨਾਮ ਦਾ ਸਿਮਰਨ ਕਰਦੇ ਰਹਿਣਾ ਚਾਹੀਦਾ ਹੈ। ਹਾਂ, ਸਿਮਰਨ ਕਰਦੇ ਰਹਿਣਾ ਚਾਹੀਦਾ ਹੈ ਹਉਮੈ ਨੂੰ ਮਾਰ ਮਾਰ ਕੇ। ਹਾਂ, ਭੈ ਤੇ ਭਾਉ (ਡਰ ਤੇ ਪ੍ਰੇਮ) ਧਾਰਨ ਕਰੀ ਰਖਕੇ ਸਚ ਨਾਲ ਤੇ ਪਜਾਰ ਨਾਲ ਸਿਮਰਨ ਕਰਦੇ ਰਹੀਏ। ਪਰ ਇਸ ਪ੍ਰਕਾਰ ਦਾ ਨਾਮ ਸਿਮਰਨ ਗੁਰੂ ਦੀ ਮਤਿ ਨੂੰ ਹਿਰਦੇ ਵਿਚ ਧਾਰਨ ਕਰਕੇ ਕਰਦੇ ਰਹੀਏ। ਭਾਵ, ਮਨ-ਮਤਿ ਨਾਲ ਨਾ ਕਰੀਏ ਕਿਉਂਕਿ ਮਨ-ਮਤਿ ਹਉਮੈ ਨੂੰ ਫੇਰ ਫੇਰ ਲੈ ਆਉਂਦੀ ਹੈ।

{ਸੰ. ਪੋ. ਭਾਗ-ਛੇ, ਪੰ: ੨੬੭੧}

 www.sikhbookclub.com

134. ਨਾਮ ਪ੍ਰਭੂ ਦੀ ਰਜ਼ਾ ਨਾਲ ਮੇਲਦਾ ਹੈ। ਨਾਮ ਸਿਮਰਨ ਵਾਲਾ ਨਾਮ ਸਿਮਰਨ ਅਪਣਾ ਕਰੱਤਵ ਨਹੀਂ ਜਾਣਦਾ, ਭਾਵ ਉਸ ਵਿਚ ਹਉਂ ਨਹੀਂ ਧਾਰਦਾ ਕਿ ਮੈਂ ਕਰ ਰਿਹਾ ਹਾਂ, ਉਹ ਨਾਮ ਦੀ ਪ੍ਰਾਪਤੀ ਨੂੰ ਬੀ ਸਾਂਈਂ ਦੀ ਰਜ਼ਾ ਨਾਲ ਮਿਲਿਆ ਸਮਝਦਾ ਹੈ। ਇਹ ਸਮਝ ਪ੍ਰਾਪਤ ਹੋ ਕੇ ਨਾਮ ਅਭਿਆਸੀ ਦੀ ਹਉਂ ਦੂਰ ਰਹਿੰਦੀ ਹੈ।
{ਸੰ. ਪੋ. ਭਾਗ-ਛੇ, ਪੰ: ੨੬੭੦}

135. ਸਾਧ ਸੰਗਤ ਤੋਂ ਬਿਨਾਂ ਭਲੇ ਬੁਰੇ ਦਾ ਨਿਰਣਾ ਨਹੀਂ ਹੁੰਦਾ ਅਰ ਪਰਮੇਸੁਰ ਦੇ ਚਰਣਾ ਵਲ ਮੂੰਹ ਨਹੀਂ ਮੁੜਦਾ, ਇਸ ਲਈ ਮਾਇਆ ਦੀ ਅੱਗ ਤੋਂ ਰਖਿਆ ਕਰਨ ਵਾਲੀ ਪਹਲੀ ਵਸਤੂ ਸਾਧ ਸੰਗਤ ਹੈ।
{ਸੰ. ਪੋ. ਅਨੇਕ ਬਾਣੀਆਂ-੧ ਪੰ: ੨੫}

136. ਪ੍ਰਭੂ ਦੇ ਮੇਲੇ ਬਿਨਾ ਨਿਰਭੈਤਾ ਨਹੀਂ ਹੁੰਦੀ ਅਰ ਨਿਰਭੈਤਾ ਬਿਨਾ ਪ੍ਰਭੂ ਦਾ ਮੇਲ ਨਹੀਂ ਹੁੰਦਾ।
{ਸੰ. ਪੋ. ਅਨੇਕ ਬਾਣੀਆਂ-੧ ਪੰ: ੨੫}

137. ਪ੍ਰੇਮ ਕੋਈ ਕਥਨੀ ਦੀ ਗੱਲ ਨਹੀਂ, ਇਹ ਤਾਂ ਪ੍ਰਤੱਖ ਝਲਕ ਦੇਖੀਏ ਤਦ ਹੀ ਪਤਾ ਲੱਗਦਾ ਹੈ।
{ਸੰ. ਪੋ. ਅਨੇਕ ਬਾਣੀਆਂ-੧, ਪੰ: ੨੮}

138. (ਪ੍ਰੇਮੀ ਭਗਤ ਜਨ ਨੂੰ) ਪ੍ਰੀਤਮ ਦੀ ਪ੍ਰੀਤ ਦੀ ਮਸਤੀ ਵਿਚ ਸੰਸਾਰਕ ਦੁਖ ਨਹੀਂ ਸੁਝਦੇ, ਕਿਸੇ ਪ੍ਰਕਾਰ ਦੀਆਂ ਆਪਦਾ ਪੈਣ, ਪ੍ਰੇਮੀ ਬੇਪਰਵਾਹ ਹੋਕੇ ਆਪਣੀ ਪ੍ਰੇਮ ਦੀ ਧੁਨਿ ਵਿਚ ਮਸਤ ਰਹਿੰਦੇ ਹਨ।
{ਸੰ. ਪੋ. ਅਨੇਕ ਬਾਣੀਆਂ-੧ ਪੰ: ੨੮}

139. ਜੀਭ ਨਾਲ ਨਾਮ ਜਪੋ, ਕੰਨਾਂ ਨਾਲ ਸੁਣੋ ਤੇ ਮਨ ਵਿਚ ਸਾਈਂ ਦਾ ਧਿਆਨ ਇਸਥਿਤ ਕਰੋ, ਭਾਵ ਹੈ ਕਿ ਆਪਣੇ ਅੰਗਾਂ ਨੂੰ ਵਿਸ਼ੇ ਵਿਕਾਰਾਂ ਵੱਲ ਨਾ ਲਾਓ, ਇਨ੍ਹਾਂ ਨਾਲ ਪ੍ਰਭੂ ਦੀ ਵਡਿਆਈ ਕਰੋ।
{ਸੰ. ਪੋ. ਅਨੇਕ ਬਾਣੀਆਂ-੧, ਪੰ: ੩੨}

140. ਉਸ ਮਾਲਕ ਅੱਗੇ ਬੇਨਤੀ ਕਰੋ। ਮੂਰਖਾਂ ਤੇ ਚੁੰਚ ਗਿਆਨੀਆਂ-ਵਾਂਙੂ ਇਹ ਕਹਿਕੇ, "ਸਾਡੇ ਵੱਸ ਕਿਛ ਨਹੀਂ" ਅਗਿਆਨ ਵਿਚ ਨਾ ਰੁੜੋ।
{ਸੰ. ਪੋ. ਅਨੇਕ ਬਾਣੀਆਂ-੧, ਪੰ: ੩੪}

141. ਬੇਨਤੀ ਕਰਨੀ ਸਾਡਾ ਧਰਮ ਹੈ, ਕਿਉਂਕਿ ਈਸ਼ਵਰ ਪਿਤਾ ਹੈ ਅਸੀਂ ਪੁਤ੍ਰ ਹਾਂ। ਜਦ ਨਿਸ਼ਕਪਟ ਪ੍ਰਾਰਥਨਾ ਕਰੀਏ, ਕਰਤਾਰ ਸਾਡਾ ਪਿਤਾ ਹੈ, ਕ੍ਰਿਪਾ ਕਰੇ ਹੀ ਕਰੇ, ਕੇਵਲ ਹਉਮੈ ਦਾ ਤਿਆਗ ਕਰਨਾ ਚਾਹੀਏ, ਕਿਉਂਕਿ ਹਉਮੈ ਹੀ ਭਾਰੀ ਪਰਦਾ ਹੈ।
{ਸੰ. ਪੋ. ਅਨੇਕ ਬਾਣੀਆਂ-੧, ਪੰ: ੩੪}

142. (ਪ੍ਰਭੂ ਪਿਆਰ) ਲਈ ਪਹਿਲੀ ਜ਼ਰੂਰੀ ਗੱਲ ਦੱਸੀ ਹੈ ਮਨ ਮਤਿ ਤਿਆਗਣੀ ਤੇ ਗੁਰਮਤ ਤੇ ਟੁਰਨਾ। ਇਸ ਮਤ ਤੇ ਟੁਰਿਆਂ ਮਨ ਅਨੇਕ ਚਿੰਤਨ ਵਿਚ ਦੌੜਨੋਂ ਰੁਕ ਰੁਕ ਕੇ ਏਕ ਚਿੰਤਨ ਵਿਚ ਆ ਜਾਏਗਾ, ਤ੍ਰੀਕਾ ਹੋਵੇਗਾ ਨਾਮ ਸਿਮਰਨ। ਇਸ ਨਾਲ ਵਯਾਪਕ ਨਾਮ ਯਾ ਦਸਮ ਦੁਆਰ ਵਿਚ ਹੋ ਰਹੇ ਅਨਹਦ ਸ਼ਬਦ ਨਾਲ ਮੇਲ ਹੋ ਜਾਏਗਾ।..... ਨਾਮ ਨਾਲ ਹਜ਼ੂਰੀ ਵਾਸਾ ਹੋ ਜਾਏਗਾ। ਦਸਮ ਦੁਆਰ ਦਾ ਟਿਕਾਉ ਉਨਮਨ ਕਰੇਗਾ। ਸ੍ਵੈ-ਸਰੂਪ ਦੀ ਲੱਖਤਾ ਹੋਕੇ ਪਰਮਾਤਮ ਲੱਖਤਾ ਪ੍ਰਾਪਤ ਹੋ ਜਾਏਗੀ।
{ਸੰ. ਪੋ. ਭਾਗ-੬, ਪੰ: ੨੭੪੫}

143. ਗੁਰ ਉਪਦੇਸ਼ ਵਿਚ ਮੁਖ ਉਪਦੇਸ਼ ਨਾਮ ਦੀ ਸੰਭਾਲ ਹੁੰਦੀ ਹੈ।..... (ਹੇ ਮਨ!) ਜੇ ਤੂੰ ਧਾਵਨਾ ਛਡਕੇ ਇਕ ਖਿਨ ਲਈ ਬੀ ਹਰੀ ਨਾਮ ਦੀ ਅਰਾਧਨਾ ਵਿਚ ਪੈ ਜਾਵੇਂ ਤਾਂ ਤੈਨੂੰ ਹਰੀ ਦਾ ਸਾਥ ਮਿਲ ਜਾਵੇ। ਕਾਰਣ ਕੀ ਹੈ ਕਿ ਉਹ ਸ਼ਹੁ ਤਾਂ ਸਦਾ ਤੇਰੇ ਨਾਲ ਹੈ, ਤੇਰੇ ਮਨ ਦਾ ਰੁਖ਼ ਹੀ ਉਸ ਵਲੋਂ ਉਲਟਵਾਂ ਬਾਹਰ ਮੁਖੀ ਹੈ। ਜਿਸ ਖਿਨ ਤੂੰ ਆਪਣਾ ਰੁਖ਼ ਅੰਤਰ ਮੁਖ ਉਸ ਵਲ ਫੇਰਿਆ, ਉਸ ਦੀ ਹਜ਼ੂਰੀ ਵਿਚ ਹਾਜ਼ਰ ਹੋ ਗਿਆ।..... ਹਜ਼ੂਰੀ (ਵਿਚ) ਹਾਜ਼ਰ ਹੋ ਗਿਆਂ ਤੇਰੇ ਪਾਪ ਕਟੇ ਜਾਣਗੇ ਤੇ ਇਹੋ ਕਾਰ ਕਰਦਿਆਂ, ਭਾਵ ਸਦਾ ਹਜ਼ੂਰੀ ਵਿਚ ਵਸਦਿਆਂ, ਅੰਤ ਨੂੰ ਤੂੰ ਪਰਮ ਪਦ ਤੇ ਪਹੁੰਚ ਜਾਏਂਗਾ।
{ਸੰ. ਪੋ. ਭਾਗ-੬ ਪੰ: ੨੭੪੬}


www.sikhbookclub.com

144. (ਗੁਰਬਾਣੀ) ਵਿੱਚ ਲੱਗਿਆਂ, ਭਾਵ ਪ੍ਰੇਮ ਨਾਲ ਪੜ੍ਹਿਆਂ, ਵੀਚਾਰਿਆਂ ਤੇ ਅਮਲ ਕੀਤਿਆਂ ਰਤਨ ਪਦਾਰਥ ਲੱਭਦਾ ਹੈ। ਉਹ ਰਤਨ ਸ਼ਰੀਰ ਦੇ ਵਿਚ ਹੈ। ਉਹ ਹਰੀ ਦਾ ਵਿਆਪਕ ਨਾਮ। ਗੁਰੂ ਦੇ ਦਿਤੇ ਨਾਮ ਦੀ ਕਮਾਈ ਨਾਲ ਉਸ ਅੰਦਰ ਵਯਾਪਕ ਹੋ ਰਹੇ ਨਾਮ ਨਾਲ ਮੇਲ ਹੋ ਜਾਂਦਾ ਹੈ, ਫੇਰ ਤਾਂ ਭਗਤੀ ਦੇ ਮਾਨੋ ਅਖੁੱਟ ਭੰਡਾਰ ਮਿਲ ਜਾਂਦੇ ਹਨ।...... ਜਿਸ ਗੁਰੂ ਦੀ ਮੇਹਰ ਨਾਲ ਪਰਮ ਪਦ ਨੂੰ ਪਹੁੰਚੀਦਾ ਹੈ ਉਹ ਗੋਬਿੰਦ ਰੂਪ ਹੈ, ਗੋਬਿੰਦ ਗੁਰੂ ਰੂਪ ਹੈ। ਇਹ ਗਜਾਨ ਇਹ ਸੋਝੀ ਅਨੂਪਮ ਪਦਾਰਥ ਹੈ। ਗੋਬਿੰਦ ਨੇ ਮੇਹਰ ਕੀਤੀ ਤਾਂ ਗੁਰੂ ਮਿਲਿਆ, ਗੁਰੂ ਨੇ ਮੇਹਰ ਕੀਤੀ ਤਾਂ ਗੋਬਿੰਦ ਮਿਲਿਆ। {ਸੰ. ਪੋ. ਭਾਗ-੬, ਪੰ: ੨੭੫੧}

145. ਇਕ ਮਿਆਨ ਵਿਚ ਜਿਕੂੰ ਦੋ ਤਲਵਾਰਾਂ ਨਹੀਂ ਟਿਕ ਸਕਦੀਆਂ, ਤਿਵੇਂ ਹਉਮੈ ਤੇ ਪ੍ਰਭੂ ਦੋ ਚੀਜ਼ਾਂ ਇਕ ਮਨ ਵਿਚ ਨਹੀਂ ਟਿਕ ਸਕਦੀਆਂ ਜਦ ਤਕ ਹਉਮੈ ਹੈ ਤਦ ਤੀਕ ਪ੍ਰਭੂ ਨਹੀਂ, ਜਦ ਹਉਮੈ ਛਡੀ ਤਦ ਪ੍ਰਭੂ ਮੌਜੂਦ-ਜਾਣੋ ਕਿਤੇ ਗਿਆ ਹੀ ਨਹੀਂ ਸੀ। {ਸੰ. ਪੋ. ਅਨੇਕ ਬਾਣੀਆਂ-੧, ਪੰ: ੩੯}

146. (ਪ੍ਰਾਣੀ ਦੇ) ਕਰਮਾਂ ਦੀ ਖਰਾਬੀ ਦਾ ਇਲਾਜ ਭੀ ਸ਼ਰਨ ਪੈਣਾ ਹੈ। ਸ਼ਰਨ ਹੀ ਸ੍ਰੇਸ਼ਟ ਵਸਤੂ ਹੈ। ਚਰਨਾਂ ਦੀ ਸ਼ਰਨ ਲਏ ਬਿਨਾਂ ਕਲਿਆਣ ਨਹੀਂ ਹੈ। {ਸੰ. ਪੋ. ਅਨੇਕ ਬਾਣੀਆਂ-੧, ਪੰ: ੩੯}

147. ਬਾਹਰਮੁਖੀ ਪੁਰਖਾਂ ਦੇ ਉਪਦੇਸ਼ ਜਾਂ ਕਰਨੀ ਤੋਂ ਹੀਨ ਸੁਣੇ ਸੁਣਾਏ ਵਖਿਆਨ ਕਰਤਿਆਂ ਦੇ ਬਚਨ ਤੇ ਮੰਦ ਵੈਰਾਗ ਆਦਿਕ ਮਾਯਾ ਦੀ ਅੱਗ ਨੂੰ ਨਹੀਂ ਬੁਝਾਉਂਦੇ।...... ਇਸ ਲਈ ਮੂੰਹ ਦੀਆਂ ਗੱਲਾਂ ਛਡਕੇ ਅਕਾਲ ਪੁਰਖ ਦਾ ਨਾਮ ਜਪੋ ਜੋ ਮਨ ਨੂੰ ਠੰਡ ਪੈ ਜਾਵੇ। {ਸੰ. ਪੋ. ਅਨੇਕ ਬਾਣੀਆਂ-੧, ਪੰ: ੪੧}

148. ਦਿਬਯ ਦ੍ਰਿਸ਼ਟੀ ਨਾ ਖੁੱਲੇ ਤਦ ਗਿਆਨ ਧਿਆਨ ਕਥਾ ਸਭ ਇਉਂ ਹਨ :- **"ਗਿਆਨ ਵਿਹੂਣਾ ਕਥਿ ਕਥਿ ਲੂਝੈ"** (ਪੰ: 469) {ਸੰ. ਪੋ. ਅਨੇਕ ਬਾਣੀਆਂ-੧, ਪੰ: ੪੧}

149. ਨਾਮ ਧਨ ਕਿਕੁਰ ਕੱਠਾ ਹੁੰਦਾ ਹੈ ? ਇਕ ਪਰਮੇਸੁਰ ਦੀ ਸੇਵਾ ਕਰੋ, ਅਰਥਾਤ ਉਸ ਦੇ ਰਸਤੇ ਸ਼ੁਭ ਕੰਮ ਅਰ ਸਾਧ ਸੰਗਤ ਦੀ ਟਹਲ ਕਰੋ। ਉਸ ਇਕੋ ਨੂੰ ਮਨ ਕਰਕੇ ਯਾਦ ਕਰੋ, ਉਸ ਨੂੰ ਕਦੀ ਨਾ ਭੁਲਾਓ, ਸਦੀਵ ਸੁਰਤ ਉਸ ਵਿਚ ਪਰੋਤੀ ਰਖੋ ਤੇ ਬਾਣੀ ਕਰਕੇ ਉਸੇ ਅੱਗੇ ਬੇਨਤੀਆਂ ਕਰੋ। ਇਹੋ ਹੀ ਨਾਮ ਧਨ ਕੱਠੇ ਕਰਨ ਦੇ ਸਾਧਨ ਹਨ।

{ਸੰ. ਪੋ. ਅਨੇਕ ਬਾਣੀਆਂ-੧, ਪੰ: ੫੧}.

150. ਮਨ ਦੀ ਸਫਾਈ ਵਾਸਤੇ ਜਿਸ ਸਾਧਨ ਦੀ ਲੋੜ ਹੈ ਉਹ "ਸਤਿਸੰਗਤ" ਹੈ। ਸਤਿਸੰਗਤ ਇਕ ਸੈਗਲ (ਪਾਲਿਸ਼) ਹੈ, ਜੋ ਮਨ ਦੇ ਸ਼ੀਸ਼ੇ ਨੂੰ ਸਾਫ਼ ਕਰਦੀ ਹੈ। ਸਤਿਸੰਗਤ ਇਕ ਆਗੂ ਹੈ ਜੋ ਔਝੜ ਪੈਣ ਲੱਗੇ ਨੂੰ ਸਿੱਧਾ ਰਸਤਾ ਦਿਖਾ ਦੇਂਦੀ ਹੈ।

{ਸੰ. ਪੋ. ਅਨੇਕ ਬਾਣੀਆਂ-੧, ਪੰ: ੫੫-੫੬}

151. ਵਾਹਿਗੁਰੂ ਨਾਲ ਅਭੇਦ ਹੋਣ ਵਾਸਤੇ ਉਸ ਦਾ ਕ੍ਰਿਪਾ ਪਾਤ੍ਰ ਬਣਨਾ ਜ਼ਰੂਰੀ ਹੈ।

{ਸੰ. ਪੋ. ਅਨੇਕ ਬਾਣੀਆਂ-੧, ਪੰ: ੫੭}

152. ਵਾਹਿਗੁਰੂ ਕ੍ਰਿਪਾ ਕਰੇ ਤਾਂ ਵਾਹਿਗੁਰੂ ਚਿਤ ਆਉਂਦਾ ਹੈ ਅਰ ਉਸ ਨਾਮ ਦੇ ਅਧਾਰ ਨਾਲ ਜੀਵ ਅਪਣੇ ਪਿਤਾ ਦੇ ਚਰਨਾਂ ਨਾਲ ਅਭੇਦ ਹੁੰਦਾ ਹੈ।

{ਸੰ. ਪੋ. ਅਨੇਕ ਬਾਣੀਆਂ-੧, ਪੰ: ੫੮}

153. ਜੋ ਪ੍ਰਭੂ ਹਰ ਸਮੇਂ ਅਰ ਹਰ ਖਿਨ ਤੇਰੇ ਪਰ ਕ੍ਰਿਪਾ ਕਰਦਾ ਹੈ, ਉਸਦਾ ਸਿਮਰਨ ਭੀ ਹਰ ਸਮੇਂ ਅਰ ਹਰ ਸੁਆਸ ਹੋਣਾ ਚਾਹੀਏ।

{ਸੰ. ਪੋ. ਅਨੇਕ ਬਾਣੀਆਂ-੧, ਪੰ: ੫੮}

154. ਉਸ ਕਰਤੇ ਦੀ ਪ੍ਰੀਤ ਦੇ ਆਸਰੇ ਜਪ ਤਪ ਪੂਜਾ ਭਜਨ ਪਾਠ ਹੋਣੇ ਚਾਹੀਏ। ਜਿਸ ਕਰਮ ਵਿਚ ਉਸ ਦੀ ਪ੍ਰੀਤ ਦਾ ਅਭਾਵ ਹੈ, ਉਹ ਥੋਥਾ ਹੈ, ਉਹ ਨਿਹਫਲ ਹੈ।

{ਸੰ. ਪੋ. ਅਨੇਕ ਬਾਣੀਆਂ-੧, ਪੰ: ੫੮}

 www.sikhbookclub.com

155. ਪੁੰਨ ਉਹ ਕਰਮ ਹਨ ਜਿਨ੍ਹਾਂ ਦੇ ਕਰਨ ਨਾਲ ਪਰਮਾਰਥ ਦੀ ਬ੍ਰਿਧੀ ਹੁੰਦੀ ਹੈ, ਦਾਨ ਉਹ ਕਰਮ ਹਨ ਕਿ ਜਿਨ੍ਹਾਂ ਦੇ ਕਰਨ ਨਾਲ ਆਤਮਾ ਆਪਨੇ ਸਹਜ ਸੁਭਾਵੀ ਦਾਨ ਸੁਭਾਵ ਵਿਚ ਜਾਂਦੀ ਹੈ।
{ਸੰ. ਪੋ. ਅਨੇਕ ਬਾਣੀਆਂ-੧, ਪੰ: ੬੩}

156. ਗ੍ਰਿਹਸਤੀ ਦਾ ਧਰਮ ਦਾਨ ਲੈਣਾ ਨਹੀਂ ਹੈ। ਪਰ ਤਿਨ ਚੀਜ਼ਾਂ ਗ੍ਰਿਹਸਤੀ ਦਾਨ ਵਿਚ ਲੈ ਸਕਦਾ ਹੈ:- ਜਪ, ਤਪ ਤੇ ਸੰਜਮ। ਇਹ ਦਾਨ ਸਤਿਸੰਗ ਵਿਚੋਂ ਭਿਖਿਆ ਲੈ ਸਕਦਾ ਹੈ।
{ਸੰ. ਪੋ. ਅਨੇਕ ਬਾਣੀਆਂ-੧, ਪੰ: ੬੩}

157. ਅਕਾਲ ਪੁਰਖ ਨਾਲ ਸਿੱਧਾ ਸੰਬੰਧ ਸਿਮਰਨ ਦੁਆਰਾ ਪਾਓ ਤੇ ਨਿਸ਼ਚੇ ਹੋ ਜਾਓ, ਕਿ ਮਰਕੇ ਉਸ ਪਾਸ ਜਾਓਗੇ।
{ਸੰ. ਪੋ. ਭਾਗ-੬ ਪੰ: ੨੯੮੮}

158. ਸਚ ਮੁੱਚ ਦਾ ਉੱਚਾ ਜੀਵਨ ਤੇ ਨਾਮ ਸਿਮਰਨ ਵਾਲੀ ਭਗਤੀ ਸੱਚ ਮੁੱਚ ਦੀ ਗਯਾਨ ਅਵਸਥਾ ਵਿੱਚ ਲੈ ਜਾਂਦੀ ਹੈ। ਨਿਰਾ ਦਿਮਾਗੀ ਘੋੜ ਦੌੜ ਦਾ ਗਿਆਨ ਕਲਯਾਨ-ਕਾਰੀ ਨਹੀਂ।
{ਸੰ. ਪੋ. ਭਾਗ-੧ ਪੰ: ੫੦੬}

159. ਜਦ ਅਪਾਰ ਨਾਮ ਦੇ ਸਿਮਰਣ ਵਿਚ ਜੀਅ ਕਾ ਆਧਾਰ ਇਹ ਨਾਮ ਹੋ ਗਿਆ ਤਦ ਜਾਣੋ ਮਾਯਾ ਅੰਦਰ ਨਹੀਂ ਰਹੀ। ਹੁਣ ਜੋ ਲੇਸ਼ ਮਾਤ੍ਰ ਯਾ ਪਾਰ-ਦਰਸ਼ਕ ਸ਼ਕਲ ਦੀ ਹਉਮੈ ਹੈ, ਉਹ ਦੂਰ ਕਰੋ। ਉਹ ਇਉਂ ਹੋਸੀ ਕਿ ਜੋ ਪ੍ਰਾਪਤੀ ਹੋਈ ਹੈ, ਯਾ ਮਾਇਆ ਬਿਲਾਈ ਹੈ ਇਹ 'ਮੈਂ' ਕੀਤੀ ਹੈ ਦੇ ਭਾਵ ਨੂੰ ਅੰਦਰ ਨਾ ਆਉਣ ਦੇਵੋ; ਆਵੇ ਤਾਂ ਦੂਰ ਕਰ ਦਿਓ। ਇਸਨੂੰ ਮੇਹਰ ਸਮਝੋ, ਕਿ ਇਹ ਨਿਰੰਕਾਰ ਨੇ ਮੈਨੂੰ ਬਖਸ਼ਿਸ਼ ਕੀਤੀ ਹੈ; ਤਦ ਤਯਾਗ ਦੇ ਤਯਾਗ ਦਾ ਬੀ ਅਭਿਮਾਨ ਨਾ ਰਹੇਗਾ।
{ਸੰ. ਪੋ. ਭਾਗ-੧ ਪੰ: ੫੦੦}

160. ਮਰਨ ਕਾਲ ਵੇਲੇ, 'ਕਮਾਈ ਹੋਈ ਹਰੀ ਸੇਵਾ' ਦਾ ਫਲ ਸੁਖ ਹੋਵੇਗਾ। ਹਰੀ ਸੇਵਾ ਵਾਲੇ ਦਾ ਹਿਰਦਾ ਉਸ ਵੇਲੇ ਤਸੱਲੀ ਵਿਚ

 www.sikhbookclub.com

ਤੇ ਸੁਖੀ ਹੋਵੇਗਾ। ਹਿਰਦੇ ਵਿੱਚ ਘਬਰਾ ਤੇ ਸੰਤਾਪ ਕੋਈ ਨਹੀਂ ਹੋਵੇਗਾ। {ਸੰ. ਪੋ. ਭਾਗ-੧ ਪੰ: ੩੬੦}

161. ਵਾਹਿਗੁਰੂ ਜੀ ਤੇ ਸਿਦਕ ਧਰਕੇ ਉਸਦਾ ਨਾਮ ਜਪੋ ਤਦ ਤੁਸੀਂ ਸੱਚ ਵਿਚ ਪਹੁੰਚ ਜਾਓਗੇ ਤੇ ਕੂੜੇ ਦਾਅਵੇ ਬੰਨ੍ਹਣੇ ਤੇ ਮਾਣ ਕਰਨੇ ਤੁਸਾਡੇ ਛੁੱਟ ਜਾਣਗੇ, ਤੁਸੀਂ ਰਸਮਯ-ਆਨੰਦ-ਅਵਸਥਾ ਵਿੱਚ ਹੋ ਜਾਓਗੇ। {ਸੰ. ਪੋ. ਭਾਗ-੧ ਪੰ: ੩੫੫}

162. ਮੇਹਰਾਂ ਦਾ ਸਾਈਂ ਪ੍ਰਭੂ ਹੈ ਤੇ ਮੇਹਰ ਗੁਰੂ ਦੁਆਰਾ ਕਰਦਾ ਹੈ। {ਸੰ. ਪੋ. ਭਾਗ-੧ ਪੰ: ੩੯੩}

163. ਨਾਮ ਦਾ ਹਿਰਦੇ ਵਿੱਚ ਵੱਸ ਜਾਣਾ ਹੀ ਹਰੀ ਦੀ ਸੇਵਾ ਹੈ। {ਸੰ. ਪੋ. ਭਾਗ-੧ ਪੰ: ੪੦੭}

164. ਨਾਮ ਸਿਮਰਨ ਇਕ ਲਗਾਤਾਰੀ ਅੰਤ੍ਰੀਵ ਲਗਨ ਵਾਹਿਗੁਰੂ ਜੀ ਨਾਲ ਹੈ। {ਸੰ. ਪੋ. ਭਾਗ-੧ ਪੰ: ੪੦੯}

165. ਪ੍ਰੇਮ ਦਾ ਕਿਹੜਾ ਵੇਲਾ? ਪ੍ਰੇਮ ਤਾਂ ਇਕ ਲਗਾਤਾਰੀ ਲਗਨ ਹੈ। ਜੋ ਕਿਸੇ ਵੇਲੇ ਹੈ ਕਿਸੇ ਵੇਲੇ ਨਹੀਂ ਉਹ ਪ੍ਰੇਮ ਨਹੀਂ। {ਸੰ. ਪੋ. ਭਾਗ-੧ ਪੰ: ੪੧੦}

166. ਨਾਮ ਮਾਰਗ ਤੇ ਟੁਰਦਿਆਂ ਵਾਹਿਗੁਰੂ ਵਿੱਚ ਸ਼ਰਧਾ, ਪ੍ਰੇਮ ਅਤੇ ਉਸ ਅੱਗੇ ਅਰਦਾਸ ਜ਼ਰੂਰੀ ਹੈ। {ਸੰ. ਪੋ. ਭਾਗ-੧ ਪੰ: ੪੧੧}

167. ਸਤਿਗੁਰ ਦੀ ਰਜ਼ਾ ਪਰ ਟੁਰੋ, ਜੋ ਦੱਸੇ ਕਮਾਈ ਕਰੋ ਤੇ ਆਪਾ ਭਾਵ ਉਸਨੂੰ ਅਰਪਨ ਕਰ ਦਿਓ। ਫਿਰ ਹਉਂ ਵਿੱਚ ਨਾ ਆਓ, ਇਹੋ ਮੰਗਦੇ ਰਹੋ ਕਿ 'ਸਤਿਗੁਰ ਆਪੇ ਕ੍ਰਿਪਾ ਕਰੇਇ'। {ਸੰ. ਪੋ. ਭਾਗ-੭ ਪੰ: ੩੦੮੩}

168. ਗੁਰੂ ਮਤਿ ਅਨੁਸਾਰ ਹਿਰਦੇ ਵਿੱਚ ਵਸਾਉਣ ਵਾਲਾ ਹੀ ਉੱਤਮ ਅਧਿਕਾਰੀ ਮੇਹਰ ਦਾ ਪਾਤ੍ਰ ਬਣਦਾ ਹੈ। {ਸੰ. ਪੋ. ਭਾਗ-੭ ਪੰ: ੩੦੮੮}

 www.sikhbookclub.com

169. ਸਿਵਾਏ ਗੁਰਮਤ ਵਾਲੇ ਹਿਰਦਿਓਂ ਜਪਣ ਵਾਲੇ ਪ੍ਰੇਮੀ ਦੇ, ਸਾਰੇ ਹਉਂ ਵਿੱਚ ਵਰਤਦੇ ਹਨ ਤੇ ਹਉਂ ਬੰਧਨਾਂ ਦਾ ਮੂਲ ਹੈ, ਇਹ ਹਉਂ ਕਲਿਜਾਣ ਨਹੀਂ ਹੋਣ ਦੇਂਦੀ। ਸਭ ਤੋਂ ਵੱਡਾ ਬੰਧਨ ਹਉਮੈ ਦਾ ਤ੍ਰਿਸ਼ਨਾ ਹੈ।

{ਸੰ. ਪੋ. ਭਾਗ-੭ ਪੰ: ੩੦੮੮}

170. ਅੰਦਰੋਂ ਬਾਹਰੋਂ ਸੱਚੇ ਸੁੱਚੇ ਹੋ ਕੇ ਨਾਮ ਦੀ ਘਾਲ ਕਰਕੇ ਮਿਹਰ ਪ੍ਰਾਪਤ ਹੋਵੇ ਤਾਂ ਕਿਸੇ ਨੂੰ ਪਰਮਾਰਥ ਵਿੱਚ ਲਗਾਓ ਤੇ ਨਾਮ ਦਾ ਉਪਦੇਸ਼ ਦਿਓ।

{ਸੰ. ਪੋ. ਭਾਗ-੭ ਪੰ: ੩੦੮੯}

171. ਸੰਗਤ ਵਿਚ ਜਾਕੇ ਜਿਥੇ ਕੀਰਤਨ ਹੋ ਰਿਹਾ ਹੈ, ਹਰੀ ਕੀਰਤਨ ਵਿਚ ਸ਼ਾਮਿਲ ਹੋਵੋ। ਯਾ ਉਥੇ ਬੈਠੇ ਹਰੀ ਸਿਮਰਨ ਵਿਚ ਲੱਗ ਜਾਓ ਤੇ ਕੰਨਾਂ ਵਿਚ ਪੈ ਰਹੀ ਸ਼ਬਦ ਦੀ ਤਾਸਰੀ ਤੁਹਾਨੂੰ ਨਿਮਗਨ ਕਰ ਦੇਵੇ।

{ਸੰ. ਪੋ. ਭਾਗ-੩ ਪੰ: ੧੦੭੦}

172. ਵਾਹਿਗੁਰੂ ਦੀ ਸੇਵਾ ਹੈ ਉਸ ਦਾ ਨਾਮ ਸਿਮਰਨ।

{ਸੰ. ਪੋ. ਭਾਗ-੩ ਪੰ: ੧੦੭੧}

173. ਨਾਮ ਨੂੰ ਸਭ ਸੁਖਾਂ ਦਾ ਦਾਤਾ ਤੇ ਅੰਗ ਸੰਗ ਰਹਣੇ ਵਾਲਾ ਮਿਤ੍ਰ ਦੱਸਿਆ ਹੈ, ਕਿਉਂਕਿ ਨਾਮ ਨਿਰੰਤਰ ਹੋ ਜਾਂਦਾ ਹੈ ਤੇ ਸੁਰਤ ਵਿੱਚ ਰਸ, ਨਿਰਭੈਤਾ ਤੇ ਨਿਸਭ੍ਰਮਤਾ ਭਰ ਦੇਂਦਾ ਹੈ।

{ਸੰ. ਪੋ. ਭਾਗ-੭ ਪੰ: ੩੦੯੭}

174. (ਏਹ ਗੁਰਬਾਣੀ) ਗੁਣਾਂ ਦੀ ਭਰੀ ਹੋਈ ਬਾਣੀ ਹੈ, ਜੋ ਇਸ ਬਾਣੀ ਨੂੰ ਲਗ ਪਵੇ ਉਹ ਇਸਦੇ ਰਾਹੀਂ ਹਰਿ ਨਾਮ ਵਿੱਚ ਸਮਾ ਜਾਂਦਾ ਹੈ।

{ਸੰ. ਪੋ. ਭਾਗ-੭ ਪੰ: ੩੦੯੯}

175. ਨਿਰੀ ਵਿਦਵਤਾ ਨਾਲ ਬੁੱਧੀ ਚਤੁਰ ਹੋ ਜਾਂਦੀ ਹੈ ਪਰ ਨਿਰਮਲ ਨਹੀਂ ਹੁੰਦੀ, ਵਾਹਿਗੁਰੂ ਦੇ ਭੈ ਨਾਲ ਉਹ ਨਿਰਮਲ ਹੁੰਦੀ ਹੈ। **ਤਿਉ ਹਰਿ ਕਾ ਭਉ ਦੁਰਮਤਿ ਮੈਲੁ ਗਵਾਇ॥** {ਮ-3, ਸਲੋਕ

ਫਰੀਦ-52} ਫਿਰ ਨਿਰਾ ਭੈ ਕਾਫੀ ਨਹੀਂ, ਵਾਹਿਗੁਰੂ-ਪ੍ਰੇਮ ਨਾਲ ਚਾਹੀਏ, ਤਾਕਿ ਅੰਦਰ ਜੋ ਪਯਾਰ ਦਾ ਮਾਦਾ ਹੈ ਉਹ ਵਿਕਾਰਾਂ ਵਲ ਨਾ ਲਿਜਾਵੇ, ਭੈ ਨਾਲ ਠਾਕਿਆ ਰਹੇ ਤੇ ਪ੍ਰੇਮ ਨਾਲ ਮਨ ਨੂੰ ਕੋਮਲ ਤੇ ਰਸਮਯ ਰੱਖੇ।

{ਸੰ. ਪੋ. ਭਾਗ-੩ ਪੰ: ੧੦੩੭}

176. ਉਪਦੇਸ਼ ਦਾਤਾ ਦੀ ਬੁੱਧੀ ਜੇ ਮਾਯਾ ਪ੍ਰੇਮ ਵਿਚ ਹੋਵੇਗੀ ਤਾਂ ਉਸ ਦੀ ਕਥਨੀ ਕਰਨੀ ਇਕ ਨਹੀਂ ਹੋਵੇਗੀ ਤੇ ਉਸਦਾ ਉਪਦੇਸ਼ ਕਾਟ ਨਹੀਂ ਕਰੇਗਾ। ਉਪਦੇਸ਼ ਇਕ ਸੋਨੇ ਵਰਗੀ ਵਸਤੂ ਹੈ ਜੋ ਭੈ ਧਾਰੇ ਬਿਨ ਸਫਲਤਾ ਦਾ ਰੂਪ ਨਹੀਂ ਧਾਰਦਾ। ਭੈ ਭਾਵ ਬਿਨਾਂ (ਸਚਾ=) ਅੰਤਹਕਰਣ ਅੰਨ੍ਹਾਂ ਰਹਿੰਦਾ ਹੈ ਤੇ ਉਪਦੇਸ਼ ਦੀ (ਸਟ=) ਤਾਸੀਰ ਬੀ ਅੰਧਕਾਰ (ਅਗਯਾਨ) ਨਾਸ਼ਕ ਨਹੀਂ ਪੈਂਦੀ।

{ਸੰ. ਪੋ. ਭਾਗ-੩ ਪੰ: ੧੦੩੭}

177. "ਭੈ" ਇਕ ਭੈ ਤਾਂ ਸ਼ਰੀਰ ਦੇ 'ਵਿਕਾਰ ਤਯਾਗ' ਦਾ ਧਾਰੇ, ਇਕ ਈਸ਼੍ਵਰ ਤੋਂ ਭੁੱਲੇ ਰਹਿਣ ਦੀ ਭੁੱਲ ਦਾ ਧਾਰੇ। ਦੋਹਾਂ ਨਾਲ (ਈਸ਼੍ਵਰ) ਸਮੀਪਤਾ ਵਧੇਗੀ। ਸਮੀਪਤਾ ਅਤੇ ਨਿਰਮਲਤਾ ਹਰੀ ਸਿਮਰਨ ਤੇ ਹਰੀ ਦੀ ਹਜ਼ੂਰੀ ਵਿੱਚ ਰੱਖੇਗੀ। ਪਯਾਰ ਵੱਲ ਪ੍ਰੇਰੇਗੀ।

{ਸੰ. ਪੋ. ਭਾਗ-੩ ਪੰ: ੧੦੩੮}

178. ਪੜਕੇ ਬੁੱਧੀ ਚਤੁਰ ਕਰਕੇ ਵਾਦ ਕਰਨੇ ਫਜ਼ੂਲ ਹਨ, ਅੰਦਰ ਜੋ ਤੱਤ ਵਸਤੂ ਹੈ ਉਸਨੂੰ ਸਿਆਣ, ਫੇਰ ਤੈਨੂੰ ਸਮਝ ਪਊ ਕਿ ਜਿਉਂਦੇ ਜੀ ਹੀ ਮਰ ਜਾਈਦਾ ਹੈ। ਕਿਉਂਕਿ ਅਵਿਦਯਾ ਨਾਸ਼ ਹੋ ਜਾਂਦੀ ਹੈ, ਹਉਮੈਂ ਮਰ ਜਾਂਦੀ ਹੈ, ਤੇ ਅਮਰ ਹੋ ਜਾਈਦਾ ਹੈ। ਸ਼ੁੱਧ ਆਪਾ ਅਨੁਭਵ ਵਿੱਚ ਆ ਜਾਂਦਾ ਹੈ ਤੇ ਇਹ ਆਪਾ ਵਯਾਪਕ ਬ੍ਰਹਮ ਨਾਲ ਤਦਰੂਪ ਦਿੱਸ ਪੈਂਦਾ ਹੈ।

{ਸੰ. ਪੋ. ਭਾਗ-੩ ਪੰ: ੧੦੪੩}

179. ਆਤਮਾ ਤੇ ਪਰਮਾਤਮਾ, ਆਪਾ ਤੇ ਬ੍ਰਹਮ, ਅਮਰ ਹਨ ਕਦੇ ਨਹੀਂ ਮਰਦੇ। {ਸੰ. ਪੋ. ਭਾਗ-੩ ਪੰ: ੧੦੪੩}


www.sikhbookclub.com

180. ਨਾਮ, ਹੰਕਾਰ ਨੂੰ ਮਾਰਿਆਂ ਹੀ ਪ੍ਰਾਪਤ ਹੁੰਦਾ ਹੈ।
{ਸੰ. ਪੋ. ਭਾਗ-੩ ਪੰ: ੧੦੪੮}

181. ਸਰਬ ਸ਼ਕਤੀਮਾਨ ਹੋਣ ਕਰਕੇ ਉਸ (ਵਾਹਿਗੁਰੂ ਜੀ) ਦਾ ਹੁਕਮ ਕਰਮ ਦੀ ਬੰਦਸ਼ ਨਾਲ ਹਦਬੰਦੀ ਵਿਚ ਆਕੇ ਮਿਤ ਵਾਲਾ ਨਹੀਂ ਹੋ ਜਾਂਦਾ।...... ਜੇ ਕੋਈ ਸਾਰੀ ਉਮਰ ਗੁਆਕੇ ਫੇਰ ਪਛੁਤਾਵੇ ਤੇ ਸਿਮਰਣ ਵਿਚ ਲਗਣਾ ਚਾਹੇ ਤਾਂ ਨਿਰਾਸ ਹੋ ਕੇ ਲਗਣੋਂ ਰੁਕ ਨਾ ਜਾਵੇ।....ਜਦ ਜਾਗ ਖੁੱਲ੍ਹੇ, ਤਦੋਂ ਹੀ ਲਗ ਪਵੇ।....ਕਰਮ ਉਪਰ ਹੁਕਮ ਹੈ।.....ਸਤਿਗੁਰ ਬਖਸ਼ਿਸ਼ ਦਾ ਦਰ (ਸਦਾ) ਖੁਲਾ ਹੈ।...... ਜੇ ਵਾਹਿਗੁਰੂ ਦੀ ਟੇਕ ਲਵੇ ਤਾਂ ਕਰਮ ਨਸ਼ਟ ਬੀ ਹੋ ਜਾਂਦੇ ਹਨ।
{ਸੰ. ਪੋ. ਭਾਗ-੩ ਪੰ: ੧੦੬੪}

## ਬਖਸ਼ਿਸ਼ ਤੇ ਕਰਮ

'ਤੂੰ ਪਾਪੀ' 'ਤੂੰ ਪਾਪੀ' ਕਹਿ ਕਹਿ
ਪੰਡਤ ਜਿੰਦ ਸੁਕਾਈ,
ਬਖਸ਼ਣ ਵਾਲਾ ਮਿਤੋਂ ਬਾਹਰ,
ਅਸੀਂ ਮਿਤ ਵਿਚ ਭਾਈ।

ਮਿਤ ਵਾਲੇ ਦੇ ਕਰਮ ਅਮਿੱਤੇ
ਕਦੇ ਨਹੀਂ ਹੋ ਸਕਦੇ,
ਬਖਸ਼ ਅਮਿੱਤੇ ਦੀ ਜਿਤ ਪਾਊ
ਮਿਤ ਦੇ ਕਰਮ ਉਡਾਈ॥47॥
{ਲਹਿਰਾਂ ਦੇ ਹਾਰ}

182. ਪ੍ਰੇਮ ਬੀ ਅਸਲ ਵਰਤੋਂ ਵਿੱਚ ਵੈਰਾਗ ਹੈ।
{ਸੰ. ਪੋ. ਭਾਗ-੩ ਪੰ: ੧੦੬੮}

183. ਗ੍ਰਿਹਸਤੀ ਹੋਵੇ ਯਾ ਸੰਨਜਾਸੀ, ਤਪੱਸ੍ਰੀ ਹੋਵੇ ਕਿ ਵਿਚਾਰਸ਼ੀਲ, ਹਰ ਜੀਵਨ ਦਾ ਪ੍ਰਯੋਜਨ ਈਸ਼੍ਵਰ ਪ੍ਰਾਪਤੀ ਹੋਣਾ ਚਾਹੀਏ ਤੇ ਹਰੀ ਸਿਮਰਣ ਲਗਾਤਾਰੀ ਰਹਿਣਾ ਚਾਹੀਏ। ਕਿਸੇ ਕਿਸਮ ਦੇ ਜੀਵਨ

ਵਿੱਚ ਬੀ 'ਨਾਮ' ਸਫ਼ਲਤਾ ਤੇ ਲਿਜਾਏਗਾ ਤੇ ਪ੍ਰੀਤਮ ਪ੍ਰਾਪਤੀ ਕਰਾਏਗਾ।

{ਸੰ. ਪੋ. ਭਾਗ-੩ ਪੰ: ੧੦੬੮}

184. ਗੁਰੂ ਦੇ ਮਿਲਣ ਨਾਲ ਪਹਿਲਾਂ ਮੁਕਤੀ ਦੇ ਪ੍ਰਤਿਬੰਧਕਾਂ ਦਾ ਮੂਲ ਕਾਰਨ ਤ੍ਰਿਸ਼ਨਾ ਰੂਪੀ ਅਗਨੀ ਬੁਝ ਜਾਂਦੀ ਹੈ।

{ਸੰ. ਪੋ. ਭਾਗ-੩ ਪੰ: ੧੦੭੨}

185. ਨਾਮ ਦੀ ਪ੍ਰਾਪਤੀ ਦੇ ਹੋਣ ਨਾਲ ਨਾਮ ਦੇ ਨਾਮੀ ਜੀ ਬੀ ਮਿਲ ਪਏ।........ਸਿੱਧਾਂਤ:-ਵਾਹਿਗੁਰੂ ਕ੍ਰਿਪਾ ਗੁਰੂ ਮੇਲਦੀ ਹੈ ਤੇ ਗੁਰੂ ਕ੍ਰਿਪਾ ਵਾਹਿਗੁਰੂ ਮੇਲਦੀ ਹੈ।

{ਸੰ. ਪੋ. ਭਾਗ-੩ ਪੰ: ੧੧੬੭}

186. ਮਨ ਮਰੇਗਾ ਤਾਂ ਇਸ ਦਾ ਧਾਵਨਾ ਹਟ ਜਾਏਗਾ, ਧਾਵਨਾ ਹਟੇ ਤਾਂ ਹਉਮੈਂ ਹਟੇਗੀ, ਫਿਰ ਇਹ ਸ਼ੁੱਧ ਹੋ ਜਾਏਗਾ, ਜਿਵੇਂ ਪਾਰਾ ਆਦਿ ਧਾਤਾਂ ਹੋਰ ਦਾਰੂਆਂ ਨਾਲ ਮਰਦੀਆਂ ਹਨ, ਤਿਵੇਂ ਮਨ ਮਾਰਨ ਦਾ ਦਾਰੂ ਗੁਰ ਸ਼ਬਦ ਹੈ।

{ਸੰ. ਪੋ. ਭਾਗ-੩ ਪੰ: ੧੦੭੭}

187. ਸੰਗਤ ਵਿਚ ਜਾ ਕੇ, ਜਿਥੇ ਕੀਰਤਨ ਹੋ ਰਿਹਾ ਹੈ, ਹਰੀ ਕੀਰਤਨ ਵਿੱਚ ਸ਼ਾਮਲ ਹੋਵੋ। ਯਾ ਉਥੇ ਬੈਠੇ ਹਰੀ ਸਿਮਰਨ ਵਿੱਚ ਲੱਗ ਜਾਓ ਤੇ ਕੰਨਾ ਵਿੱਚ ਪੈ ਰਹੀ ਸ਼ਬਦ ਦੀ ਤਾਸੀਰ ਤੁਹਾਨੂੰ ਨਿਮਗਨ ਕਰ ਦੇਵੇ।

{ਸੰ. ਪੋ. ਭਾਗ-੩ ਪੰ: ੧੦੭੦}

188. ਸਿਖ ਗੁਰੂ ਨੂੰ ਪ੍ਰੀਤ ਕਰਦਾ ਹੈ, ਪਰ ਪ੍ਰੀਤ ਸਫ਼ਲ ਤਾਂ ਸਮਝੀ ਜਾਂਦੀ ਹੈ ਜੇ ਗੁਰੂ ਸਿਖ ਨੂੰ ਹਿਤ ਕਰਨ ਲੱਗ ਪਵੇ। ਗੁਰੂ ਤਦੋਂ ਹਿਤ ਕਰਦਾ ਹੈ ਜਦੋਂ ਸਿਖ ਆਤਮ ਗੁਣਾਂ ਵਿੱਚ ਗੁਣੀ ਹੋ ਜਾਂਦਾ ਹੈ ਤੇ ਘਾਲ ਥਾਂ ਪੈ ਜਾਂਦੀ ਹੈ।

{ਸੰ. ਪੋ. ਭਾਗ-੩ ਪੰ: ੧੧੦੧}

189. 'ਹਰੀ ਜਨ' ਦੀ ਪ੍ਰੀਤ ਦੀ ਰਾਖੀ ਹਰੀ ਆਪ ਕਰਦਾ ਹੈ।
{ਸੰ. ਪੋ. ਭਾਗ-੩ ਪੰ: ੧੧੦੭}

190. ਅਸਲ ਕੁਸ਼ਲ ਸਾਂਈਂ ਦੀ ਰਜ਼ਾ ਵਿੱਚ ਹੈ। **'ਭਾਣਾ ਮੰਨੇ ਸੋ ਸੁਖੁ ਪਾਏ'**। (ਮਾਰੂ: ਮ: 3, ਸੋਲ-20) ਇਸ (ਭਾਣਾ ਮੰਨਣ) ਨਾਲ (ਕੁਸ਼ਲ) ਸੁਖ ਹੋ ਜਾਂਦਾ ਹੈ, ਭਟਕਣਾ, ਤੌਖਲੇ ਮੁੱਕ ਜਾਂਦੇ ਹਨ।
{ਸੰ. ਪੋ. ਭਾਗ-੩ ਪੰ: ੧੧੪੫}

191. ਸਭ ਥਾਂ ਸਭ ਦੇ ਅੰਦਰ ਹਉਂ ਪ੍ਰੇਰਕ ਨੁਕਤਾ ਹੈ, ਜਿਥੇ ਹਉਂ ਓਥੇ ਮਾਇਆ। ਓਥੇ ਨਾਮ, ਜਿਸਨੇ ਹਉਂ ਕੱਟਣੀ ਸੀ, ਨਹੀਂ ਆ ਵਸਦਾ:- **'ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ'**।
{ਵਡ: ਮ: ੩-੯, ਸੰ. ਪੋ. ਭਾਗ-੩ ਪੰ: ੧੧੭੨}

192. ਪਰਮੇਸ਼ੁਰ ਦੇ ਆਸਰੇ ਪਰਨੇ ਹੋ ਗਿਆਂ, ਉਸਦਾ ਬਿਰਦ ਜਗਯਾਸੂ ਦੀ ਰੱਖਯਾ ਕਰਦਾ ਹੈ, ਇਸ ਆਸਰੇ ਟੁਰਿਆਂ ਬ਼ਿਘਨਾਂ ਤੋਂ ਬਚਦਾ ਮੰਜਲੇ ਚੜ੍ਹਦਾ ਹੈ। ਮੰਜਲੇ ਚੜ੍ਹੇ ਨੂੰ ਗਿਰਾਉ ਨਹੀਂ। (ਗੁਰਬਾਣੀ ਦਾ) ਉਪਦੇਸ਼ ਹੈ ਕਿ ਦ੍ਰਿੜ ਵਿਸ਼ਵਾਸੀ ਹੋ ਕੇ ਵਾਹਿਗੁਰੂ ਜੀ ਨੂੰ ਅੰਦਰ ਵਸਾਈ ਰੱਖੋ।
{ਸੰ. ਪੋ. ਭਾਗ-੩ ਪੰ: ੧੧੭੨}

193. ਤੂੰ ਨਿਜ ਮਨ ਦਾ ਖੋਜੀ ਹੈਂ, ਇਹ ਚੰਗਾ ਹੈ ਪਰ ਤੇਰੀ ਟੇਕ ਨਿਜ ਮਨ ਤੇ ਹੈ, ਇਹੋ ਔਖ ਹੈ, ਤੂੰ ਟੇਕ ਪ੍ਰਭੂ ਤੇ ਧਾਰ। ਹਾਂ, ਤੂੰ 'ਈਸ਼੍ਵਰ ਪਰਾਇਣ' ਹੋ ਜਾਹ। ਫਿਰ ਤੇਰੇ ਸਾਧਨ ਵਿਚ ਈਸ਼੍ਵਰ ਸਹਾਇਤਾ ਆਵੇਗੀ। ਉਹ ਸਾਰੇ ਵਿਘਨਾਂ ਨੂੰ ਦੂਰ ਕਰੇਗੀ।
{ਸੰ. ਪੋ. ਭਾਗ-੩ ਪੰ: ੧੧੮੬}

194. ਸਿਮਰਣ ਵਾਲੇ ਦੀ ਅਨਹਤ ਹੋ ਗਈ 'ਸਿਮਰਨ ਧੁਨੀ' ਗੋਪਾਲ ਨੂੰ ਮੋਹਿਤ ਕਰਦੀ ਹੈ। ਫੇਰ ਪਰਮੇਸ਼ਰ ਦੇ ਨਿਕਟ-ਵਰਤੀ ਸੰਤਾਂ ਦੇ ਮੇਲੇ ਹੁੰਦੇ ਹਨ।
{ਸੰ. ਪੋ. ਭਾਗ-੩ ਪੰ: ੧੧੯੨}

 www.sikhbookclub.com

195. 'ਨਾਮ' ਕਿਉਂ ਅਪਣਾ ਹੈ? ਇਸ ਕਰਕੇ ਕਿ ਇਹ ਆਪੇ ਵਿਚ ਪਰਵੇਸ਼ ਕਰਕੇ 'ਆਪੇ' ਨੂੰ 'ਅਨ ਆਪੇ' ਤੋਂ ਜੁਦਾ ਕਰਕੇ 'ਪਰਮ ਆਪੇ' ਵਿਚ ਲੈ ਜਾਂਦਾ ਹੈ। ਪਦਾਰਥ ਤੇ ਪੁਰਖ ਸਥੂਲ ਹਨ, ਨਾਲ ਨਹੀਂ ਜਾਂਦੇ, ਨਾਮ ਸੂਖਮ ਹੈ, ਉਹ ਅੰਦਰ ਮਨ ਵਿਚ ਪਰਵੇਸ਼ ਕਰ ਜਾਂਦਾ ਹੈ ਤੇ ਨਾਲ ਜਾਂਦਾ ਹੈ।

{ਸੰ. ਪੋ. ਭਾਗ-੩ ਪੰ: ੧੧੯੫}

196. ਵਾਹਿਗੁਰੂ ਵਿਚ ਅਸੀਂ ਮਿਤ੍ਰ ਭਾਵਨਾ ਧਾਰਨ ਕਰੀਏ, ਮਿਤ੍ਰ ਦਾ ਕੀਤਾ ਕੁਸ਼ਲ ਹੁੰਦਾ ਹੈ, ਫਿਰ ਉਸ ਮਿਤ੍ਰ ਦਾ ਕੀਤਾ, ਜੋ ਕੁਸ਼ਲ ਸਰੂਪ ਹੈ, ਕਿਤਨਾ ਵੱਡਾ ਕੁਸ਼ਲ ਹੋਸੀ। ਉਸ ਦਾ ਕੀਤਾ ਸਦਾ ਕੁਸ਼ਲ ਸਮਝੋ।

{ਸੰ. ਪੋ. ਭਾਗ-੩ ਪੰ: ੧੧੯੭}

197. (ਹੇ ਵਾਹਿਗੁਰੂ!) ਤੁਸੀਂ ਮਾਲਕ ਅਸੀਂ ਦਾਸ ਹਾਂ, ਜੋ ਮਾਨ ਆਪ ਨੇ ਸਾਨੂੰ ਮਿਤ੍ਰ ਹੋਣ ਦਾ ਬਖਸ਼ਿਆ ਹੈ, ਉਹ ਤੁਸਾਂ ਦੀ ਬਖਸ਼ਿਸ਼ ਹੈ। ਸਾਡੇ ਕਿਸੇ ਗੁਣ ਖੂਬੀ ਕਰਕੇ ਤੁਸਾਂ ਸਾਨੂੰ ਮਿਤ੍ਰ ਨਹੀਂ ਬਣਾਇਆ, ਜੋ ਕੁਛ ਹੈ ਸਭ ਆਪ ਦੀ ਬਖਸ਼ਿਸ਼ ਹੈ।

{ਸੰ. ਪੋ. ਭਾਗ-੩ ਪੰ: ੧੧੯੮}

198. ਐਸਾ ਜਪੋ ਕਿ ਵਾਹਿਗੁਰੂ ਦਾ ਕੇਵਲ ਨਾਮ ਹਿਰਦੇ ਵਿਚ ਸਮਾਇਆ ਰਹੇ। ਇਹ ਨਾਮ ਮੰਤ੍ਰ ਗੁਰੂ ਤੋਂ ਮਿਲਦਾ ਹੈ ਤੇ ਉਸ ਦੇ ਸਤਿਸੰਗ ਵਿਚ ਦ੍ਰਿੜ ਹੁੰਦਾ ਹੈ।

{ਸੰ. ਪੋ. ਭਾਗ-੩ ਪੰ: ੧੨੦੦}

199. ਜੇਕਰ ਗੁਰੂ ਪ੍ਰਾਪਤ ਕਰਕੇ ਉਸ ਦੇ ਦੱਸੇ ਅਭਯਾਸ ਦੁਆਰਾ ਘਾਲ ਕੀਤੀ ਜਾਏ ਤਾਂ ਭਰਮ ਦੂਰ ਹੋ ਜਾਏ (ਨਾਮ ਦੀ) ਘਾਲ ਕਰਨ ਨਾਲ ਦਿੱਸ ਪਏਗਾ ਕਿ ਸਰੀਰ ਤੱਤਾਂ ਦਾ ਹੈ ਤੇ ਕਰਮਾਂ ਅਨੁਸਾਰ ਬਣਿਆ ਹੈ, ਕਰਮਾਂ ਅਨੁਸਾਰ ਮੁੱਕ ਜਾਏਗਾ। ਮੈਂ ਸਰੀਰ ਨਹੀਂ, ਮੈਂ ਜੀਵਾਤਮਾ ਹਾਂ, ਫੇਰ ਜੀਵਆਤਮਾਂ ਆਪਣੇ ਆਪ ਨੂੰ ਆਤਮਾਂ ਦੇਖੇਗਾ, ਤੇ ਲਖ ਲਏਗਾ, ਕਿ ਮਨ ਆਦਿ ਬੀ ਆਤਮਾ ਦੇ ਉਦਾਲੇ ਗਿਲਾਫ਼ ਵਾਂਙੂ

 www.sikhbookclub.com

ਹੀ ਹਨ। ਜਦ ਆਤਮਾ ਆਪਣੇ ਆਪ ਨੂੰ ਸਰੀਰ ਮਨ ਆਦਿ ਤੋਂ ਅਸੰਗ ਪ੍ਰਤੀਤ ਕਰੇਗਾ, ਤਦ ਉਸ ਅਸੰਗ ਆਤਮਾ ਨੂੰ ਪਰਮ ਆਤਮਾ ਆਪਣੇ ਵਿਚ ਮੇਲ ਲਏਗਾ। ਇਹ ਅਵਸਥਾ ਮੁਕਤਿ ਅਵਸਥਾ ਹੋਵੇਗੀ।

{ਸੰ. ਪੋ. ਭਾਗ-੩ ਪੰ: ੧੨੦੨}

200. ਨਾਮ ਰਤਨ ਹੋਕੇ ਹਿਰਦੇ ਵਿਚ ਵੱਸ ਜਾਵੇ, ਇਸ ਦਾ ਉਪਰਾਲਾ ਰਸਨਾ ਨਾਲ ਨਾਮ ਦਾ ਜਪਣਾ ਹੈ। ਜਪਦਿਆਂ ਇਹ ਆਪੇ ਸਿਮਰਣ ਬਣਕੇ ਹਿਰਦੇ ਵਿਚ ਜਾ ਵੱਸਦਾ ਹੈ।

{ਸੰ. ਪੋ. ਭਾਗ-੩ ਪੰ: ੧੨੧੬}

201. ਸੁਥਰੇ ਮਨ ਦਾ ਕੀਤਾ ਕੀਰਤਨ ਤੇ ਸਿਮਰਿਆ ਨਾਮ ਮਨ ਨੂੰ ਜਾਗ੍ਰਤ ਵਿਚ ਰਖਦਾ ਹੈ, ਮਾਇਆ ਦੀ ਨੀਂਦ ਵਿਚ ਸੌਣ ਨਹੀਂ ਦੇਂਦਾ।

{ਸੰ. ਪੋ. ਭਾਗ-੩ ਪੰ: ੧੨੪੫}

202. ਉਸ ਪਾਰਬ੍ਰਹਮ ਪ੍ਰਭੂ ਨਾਲ ਜੋ ਪ੍ਰੀਤ ਹੈ, ਇਹੀ ਦਸੀ ਹੈ ਕਿ ਘਾਲ ਹੈ, ਇਹੋ ਕਰਮ, ਧਰਮ, ਨੇਮ, ਬ੍ਰਤ, ਪੂਜਾ ਹੈ। ਐਸੇ ਕਰਮ ਨਾ ਕਰ ਜਿਨ੍ਹਾਂ ਨਾਲ ਮੈਲ ਲਗੇ...... ਨਾਮ, ਕੀਰਤਨ, ਪ੍ਰਭੂ ਦੇ ਪ੍ਰੇਮ ਨਾਲ ਆਚਰਣ ਦੀ ਸ਼ੁੱਧਤਾ ਗੁਰੂ ਜੀ ਪਰਮ ਜ਼ਰੂਰੀ ਦਸਦੇ ਹਨ।

{ਸੰ. ਪੋ. ਭਾਗ-੩ ਪੰ: ੧੨੪੫}

203. ਨਾਮ ਦਾ ਨਿਵਾਸ ਅੰਦਰੇ ਹੈ, ਨਾਮ ਜਪੁ ਨਾਲ ਉਹ ਪ੍ਰਗਟ ਹੁੰਦਾ ਹੈ, ਜੋ ਅੰਦਰ ਵੱਸਦਾ ਹੈ, ਯਥਾ: "ਦੇਹੀ ਅੰਦਰਿ ਨਾਮੁ ਨਿਵਾਸੀ" (ਮਾਰੂ ਮ:1,ਸੋਹ9)

{ਸੰ. ਪੋ. ਭਾਗ-੩ ਪੰ: ੧੨੪੬}

204. ਉਹ ਤਾਂ ਸਰਬ ਵਯਾਪੀ ਹੈ, ਤੇਰੇ ਸੰਗ ਵੀ ਵਸਦਾ ਹੈ, ਪਰ ਫੇਰ ਤੈਨੂੰ ਡਰ ਆਉਂਦਾ ਹੈ ਤਾਂ ਸਿੱਧ ਹੋਇਆ ਕਿ ਤੂੰ ਉਸ ਦੇ ਨਾਲ ਨਹੀਂ ਵੱਸਦਾ।

{ਸੰ. ਪੋ. ਭਾਗ-੩ ਪੰ: ੧੨੮੩}

205. (ਪਰਮੇਸ਼ਰ) ਵਲੋਂ 'ਭੁੱਲ' ਦਾ ਕਾਰਣ 'ਹਉਂ' ਹੈ। ਜਿਸ ਕਰਕੇ ਮਨ ਸਦਾ ਬਾਹਰਮੁਖੀ ਪਦਾਰਥਾਂ ਤੇ ਸਨੇਹਾਂ ਦੇ ਸੰਗ ਵਿਚ ਵੱਸਦਾ ਹੈ।
{ਸੰ. ਪੋ. ਭਾਗ-੩ ਪੰ: ੧੨੮੩}

206. ਹਰੀ ਕੀਰਤੀ ਮੁਖ ਸੇਵਾ ਦਸੀਦੀ ਹੈ। ਇਹ ਸਿਫਤ ਸਲਾਹ ਦਾ ਉੱਤਮ ਮਾਰਗ ਭਗਤੀ ਦਾ ਸ੍ਰੇਸ਼ਟ ਮਾਰਗ ਹੈ। ਇਸ ਨਾਲ 'ਆਪਣਾ ਕਾਜ' 'ਜੀਅ ਕਾ ਕਾਜ' ਅਰਥਾਤ ਆਪਣੇ ਆਤਮਕ ਭਲੇ ਦਾ ਕੰਮ ਸੰਵਰਦਾ ਹੈ, ਜੋ ਭਲਾ ਕਿ ਜੀਵ ਦੇ ਨਾਲ ਜਾਂਦਾ ਹੈ। ਹਰੀ ਜਸ ਵਾਲੀ ਭਗਤੀ ਨਾਲ ਹਰੀ ਨਾਲ ਪ੍ਰੇਮ ਹੋ ਜਾਂਦਾ ਹੈ, ਹਰੀ ਪ੍ਰੇਮ ਹੋਣ ਨਾਲ ਮਾਯਾ ਤੇ ਵਿਸ਼ੇ ਰਸਾਂ ਨਾਲ ਸੁਤੇ ਵੈਰਾਗ ਹੋ ਜਾਂਦਾ ਹੈ। ਹਰੀ ਪ੍ਰੇਮ ਨਾਲ ਹਰੀ ਦੀ ਪ੍ਰਾਪਤੀ ਹੁੰਦੀ ਹੈ।
{ਸੰ. ਪੋ. ਭਾਗ-੩ ਪੰ: ੧੨੮੫-੮੬}

207. 'ਦੀਖਿਆ' ਨਾਮ ਉਪਦੇਸ਼ ਮਾਤ੍ਰ ਯਾ ਸਿਖਿਆ ਮਾਤ੍ਰ ਦਾ ਨਹੀਂ ਹੈ। ਦੀਖਿਆ ਉਹ ਗੁਰੂ ਮੰਤ੍ਰ ਹੈ, ਈਸ਼੍ਵਰ ਦਾ ਨਾਮ ਹੈ, ਜੋ ਗੁਰੂ ਸਿਖ ਨੂੰ ਸਿਮਰਨ ਲਈ ਦੇਂਦਾ ਹੈ।
{ਸੰ. ਪੋ. ਭਾਗ-੩ ਪੰ: ੧੨੯੪}

208. ਵਾਹਿਗੁਰੂ ਮਿਲਣੇ ਦੀ ਜੁਗਤੀ ਸਹਜ ਜੋਗ ਦੇ ਮਾਰਗ ਵਿਚ 'ਨਾਮ' ਹੈ।
{ਸੰ. ਪੋ. ਭਾਗ-੩ ਪੰ: ੧੨੯੪}

209. ਪਾਰਬ੍ਰਹਮ ਪੂਰਨ ਪਰਮੇਸ਼ਰ ਦੀ ਸ਼ਰਣ ਲਓ, ਉਸ ਦਾ ਨਾਮ ਜਪੋ, ਮਨ ਮਤਿ ਤਿਆਗੋ, ਹੁਕਮ ਮੰਨੋ, ਸੁਖ ਦੁਖ ਵਿਚ ਉਸੇ ਨੂੰ ਆਰਾਧੋ ਉਹ ਪਤਿਤ ਪਾਵਨ ਹੈ, ਦੀਨ ਰਖਜਕ ਹੈ, ਮਾਤਾ ਪਿਤਾ ਹੈ, ਸਖਾ ਤੇ ਵਿਭੂਤੀਆਂ ਦਾ ਸਾਗਰ ਹੈ। ਉਸ ਤੋਂ ਨਾਮ ਮੰਗੋ।
{ਸੰ. ਪੋ. ਭਾਗ-੩ ਪੰ: ੧੩੦੪}

210. ਨਾਮੀ ਪੁਰਖ ਸਿਧੀਆਂ ਦੀ ਲੋੜ ਤੇ ਪਰਵਾਹ ਨਹੀਂ ਰੱਖਦਾ, ਕਿਉਂਕਿ ਉਹ ਆਪ ਗੁਣ ਸਾਗਰ ਹੋ ਜਾਂਦਾ ਹੈ, ਬੇਲੋੜ ਹੋ ਜਾਂਦਾ ਹੈ। ਉਹ ਕਿਉਂ ਇਨ੍ਹਾਂ ਦੇ ਮਗਰ ਘੁੰਮੇ ਤੇ ਸਾਧਨ ਕਰੇ! ਫਿਰ ਇਹ ਕਿ ਇਸ

ਪ੍ਰਕਾਰ ਦੀਆਂ ਤਾਕਤਾਂ ਸੁਤੇ ਹੀ ਉਸਦੇ ਮਗਰ ਹੁੰਦੀਆਂ ਹਨ, ਪਰ ਉਹ ਪਰਵਾਹ ਨਹੀਂ ਕਰਦਾ, ਉਹ ਆਪਣੇ ਦਾਤੇ ਸ਼ਾਹ ਨੂੰ ਪਛਾਣਦਾ ਹੈ ਜੋ ਆਪੇ ਉਹਨਾਂ ਦੀਆਂ ਲੋੜਾਂ ਨੂੰ ਜਾਣਦਾ ਹੈ ਤੇ ਪੂਰੀਆਂ ਕਰਦਾ ਹੈ।

{ਸੰ. ਪੋ. ਭਾਗ-੩ ਪੰ: ੧੩੧੬}

211. ਜਦ 'ਵਾਹਿਗੁਰੂ' ਸ਼ਬਦ ਦਾ ਸਿਮਰਨ ਕਰੋ ਤਾਂ ਤੁਹਾਡੀ ਵੀਚਾਰ ਵਿਚ ਹੋਵੇ ਕਿ ਇਹ ਨਾਮ ਅਕਾਲ ਪੁਰਖ ਜੋਤੀ ਸਰੂਪ ਮੇਰੇ ਪੂਜਜ ਪਰਮਾਤਮਾ ਦਾ ਹੈ।

{ਸੰ. ਪੋ. ਭਾਗ-੫ ਪੰ: ੨੯੬੭}

212. ਹਰੀ ਆਪ ਭਗਤੀ ਦਾ ਪਿਆਰਾ ਹੈ, ਭਾਵ ਸਭ ਕਿਸੇ ਨੂੰ ਰਸ ਹਰੀ ਦਾ ਹੈ, ਪਰ ਹਰੀ ਨੂੰ ਰਸ ਭਗਤੀ ਦਾ ਹੈ।

{ਸੰ. ਪੋ. ਭਾਗ-੩ ਪੰ: ੧੩੨੫}

213. ਹੇ ਈਸ਼ੂਰ ਉਹ ਕੁਛ ਹੋਵੇ ਜੋ ਤੈਨੂੰ ਭਾਉਂਦਾ ਹੈ, ਉਹ ਨਾ ਹੋਵੇ ਜੋ ਮੈਨੂੰ ਭਾਉਂਦਾ ਹੈ।

{ਸੰ. ਪੋ. ਭਾਗ-੩ ਪੰ: ੧੩੪੦}

214. ਦੌਲਤ ਤੇ ਭੂਮੀ ਆਦਿਕ ਆਪਣੇ ਆਪ ਵਿਚ ਬੰਧਨ ਨਹੀਂ, ਇਨ੍ਹਾਂ ਵਸਤਾਂ ਨਾਲ ਮਲਕੀਅਤ ਦਾ ਜਜ਼ਬਾ ਹੀ ਕੇਵਲ ਬੰਧਨ ਰੂਪ ਹੈ। ਇਹ ਗੁਰੂ ਮੇਹਰ ਨਾਲ ਟੁੱਟਦਾ ਹੈ। ਮਨੁੱਖ ਫੇਰ ਇਨ੍ਹਾਂ ਵਸਤਾਂ ਵਿਚ ਵਿਚਰਕੇ ਇਨ੍ਹਾਂ ਨੂੰ ਵੀ ਤੇ ਆਪਣਾ ਜਨਮ ਵੀ ਸਫਲਾ ਸਕਦਾ ਹੈ।

{ਸੰ. ਪੋ. ਭਾਗ-੩ ਪੰ: ੧੩੪੬}

215. ਸੰਸਾਰ.....ਸੁਣ ਸਮਝਕੇ ਬੀ ਫੇਰ ਗ਼ਾਫਲੀ ਵਿਚ ਸਮਾਂ ਗੁਆ ਰਿਹਾ ਹੈ। ਲੋਕ ਸੁਣਦੇ ਹਨ ਪਰ ਸੁਣ ਕੇ ਅਣਸੁਣੀ ਕਰਦੇ ਹਨ, ਸਮਝਦੇ ਹਨ ਪਰ ਫੇਰ ਬੀ ਨਹੀਂ ਸਮਝਦੇ।

{ਸੰ. ਪੋ. ਭਾਗ-੩ ਪੰ: ੧੩੫੪}

216. ਜਗਤ ਆਪ ਬੀ ਅੱਖੀਂ ਦੇਖਦਾ ਹੈ, ਕਿ ਸਦਾ ਰਹਿਣਾ ਨਹੀਂ ਤੇ ਨਾਲ ਕੁਛ ਨਹੀਂ ਜਾਣਾ, ਇਸ ਵਾਸਤੇ ਪਾਪ ਨਾ ਕਰੀਏ ਤੇ ਅੱਗੇ ਦਾ ਫਿਕਰ ਕਰੀਏ ਪਰ ਲੋਭ ਗ੍ਰਸੇ ਲੋਕ ਮੂਰਖਤਾ ਵਿਚ ਵਸਦੇ, ਸਭ ਕੁਛ ਸੁਣਦੇ ਸਮਝਦੇ ਪਰਵਾਹ ਨਹੀਂ ਕਰਦੇ।

{ਸੰ. ਪੋ. ਭਾਗ-੩ ਪੰ: ੧੩੫੪}

217. ਵਾਹਿਗੁਰੂ ਦਾ ਨਾਮ ਦੁਖ ਹਰਤਾ ਹੈ। ਇਸ ਕਰਕੇ ਸਤਿਗੁਰ ਨੇ ਜਗਤ ਨੂੰ ਇਹੋ ਗਿਆਨ ਸਿਖਾਇਆ ਹੈ ਕਿ ਇਸਨੂੰ ਅੱਠੇ ਪਹਿਰ ਧਿਆਓ। ਅੱਠੇ ਪਹਿਰ ਨਾਮ ਆਰਾਧਣ ਨਾਲ ਹਿਰਦੇ ਵਿਚ ਪਰਮੇਸ਼ਰ ਵੱਸ ਜਾਂਦਾ ਹੈ। ਉਹ ਹਿਰਦਾ ਫੇਰ ਸੁੰਦਰਤਾ ਦਾ ਟਿਕਾਣਾ ਬਣ ਜਾਂਦਾ ਹੈ।

{ਸੰ. ਪੋ. ਭਾਗ-੩ ਪੰ: ੧੩੫੬}

218. (ਪਰਮੇਸ਼ਰ) ਦੀ ਓਟ ਵਿਚ ਉਹੀ ਡਿੱਗਾ ਹੁੰਦਾ ਹੈ ਜੋ ਦਰ ਨਾ ਛੋੜੇ। "ਢਾਢੀ ਦਰਿ ਪ੍ਰਭ ਮੰਗਣਾ ਦਰੁ ਕਦੇ ਨ ਛੋੜੇ" ਦਰ ਨਾ ਛੋੜਨਾ ਸਿਮਰਨ ਵਿਚ, ਅਰਦਾਸ ਵਿਚ, ਹਰੀ ਕੀਰਤਨ ਵਿਚ ਰਹਿਣਾ ਹੈ।

{ਸੰ. ਪੋ. ਭਾਗ-੩ ਪੰ: ੧੩੫੭}

219. ਕਾਮ, ਕ੍ਰੋਧ, ਮੋਹ ਦੇ ਵੱਸ ਪੈਕੇ ਝੂਠਾ ਜਗਤ ਸੱਚਾ ਲਗਦਾ ਹੈ। ਜੇ ਇਨ੍ਹਾਂ ਦੇ ਵਸੀਕਾਰ ਤੋਂ ਨਿਕਲੋ ਤਾਂ ਝੂਠ ਝੂਠ ਹੋ ਦਿੱਸੇ ਤੱਦ ਬ੍ਰਿਤੀ ਸਦਾ ਸੱਚ ਵਲ ਰੁਜੂਅ ਕਰੇਗੀ ਤੇ ਤੁਸੀਂ ਪਾਰਬ੍ਰਹਮ ਦੇ ਨਾਲ ਜੁੜ ਜਾਣ ਦਾ ਯਤਨ ਕਰੋਗੇ ਤੇ ਉਹ ਯਤਨ ਹੈ ਸ਼ਰਨ ਪੈ ਜਾਣਾ।

{ਸੰ. ਪੋ. ਭਾਗ-੩ ਪੰ: ੧੩੬੩}

220. ਤ੍ਰਿਸ਼ਨਾ ਤੇ ਕ੍ਰੋਧ ਜੀਵ ਦੇ ਮਨ ਨੂੰ ਟਿਕਣ ਨਹੀਂ ਦੇਂਦੇ ਤੇ ਨਾ ਗਜਾਨ ਸ਼ੀਲ ਹੋਣ ਦੇਂਦੇ ਹਨ। ਮਨ ਮੇਹਰ ਨਾਲ ਟਿਕਦਾ ਹੈ ਤੇ ਕ੍ਰੋਧ ਮੇਹਰ ਨਾਲ ਵੱਸ ਹੁੰਦਾ ਹੈ।

{ਸੰ. ਪੋ. ਭਾਗ-੩ ਪੰ: ੧੩੬੪}


www.sikhbookclub.com

221. ਪੁਰਖ ਮੁਕਤੀ ਨੂੰ ਪ੍ਰਾਪਤ ਉਹੀ ਹੁੰਦਾ ਹੈ ਜਿਸਦੇ ਹਿਰਦੇ ਵਿਚ ਵਾਹਿਗੁਰੂ ਸਮਾ ਜਾਵੇ। ਵਾਹਿਗੁਰੂ ਸਮਾਉਂਦਾ ਹੈ ਹਰੀ ਦੇ ਗੁਣ ਗਾਉਣੇ ਨਾਲ।..... ਹਰੀ ਗੁਣ ਗਾਉਣ ਨਾਲ ਅੰਤਰ ਬਾਹਰ ਵਸਦੇ ਵਾਹਿਗੁਰੂ ਦੀ ਹਜ਼ੂਰੀ ਪ੍ਰਾਪਤ ਹੋ ਜਾਏਗੀ, ਉਸ ਨਾਲ ਪ੍ਰੀਤ ਪੈ ਜਾਏਗੀ।

{ਸੰ. ਪੋ. ਭਾਗ-੩ ਪੰ: ੧੩੬੭}

222. ਵਾਹਿਗੁਰੂ ਜਿਨ੍ਹਾਂ ਦਾ ਅੰਗੀ ਬਣ ਜਾਂਦਾ ਹੈ, ਭਾਵ ਸਹਾਈ ਹੋ ਜਾਂਦਾ ਹੈ, ਉਹਨਾਂ ਨੂੰ ਕਲੰਕ ਨਹੀਂ ਲਗਦਾ, ਸੰਸਾਰੀ ਲੋਕ ਉਸਦਾ ਕੁਛ ਨਹੀਂ ਵਿਗਾੜ ਸਕਦੇ। ਮੁਸ਼ਕਿਲ ਵੇਲੇ ਹਿਰਦੇ ਵਿਚ ਪ੍ਰਭੂ ਨੂੰ ਸਦਾ ਰੱਖਣ ਵਾਲੇ ਸੰਸਿਆਂ ਵਿਚ ਨਹੀਂ ਜਾਂਦੇ, ਪ੍ਰਭੂ ਉਤੇ ਉਹਨਾਂ ਦੀ ਦ੍ਰਿੜਤਾ ਰਹਿੰਦੀ ਹੈ। ਜਿਨ੍ਹਾਂ ਨੂੰ ਧੀਰਜ ਬਨ੍ਹਾਉਣ ਵਾਲਾ ਸਾਂਈਂ ਆਪ ਹੈ, ਉਹਨਾਂ ਨੂੰ ਪੀੜਾ ਨਹੀਂ ਵਿਆਪਦੀ।

{ਸੰ. ਪੋ. ਭਾਗ-੩ ਪੰ: ੧੧੯੯}

223. ਪਾਪਾਂ ਤੋਂ ਡਰੋ, ਭਾਵ ਹੈ ਪਾਪ ਕਰਮ ਨਾ ਕਰੋ। ਇਸ ਦਾ ਦਾਰੂ ਹੈ ਵਾਹਿਗੁਰੂ ਸਰਣ ਪੈਣਾ। ਸ਼ਰਣ ਪੈਣਾ ਹੈ ਉਸਦਾ ਨਾਮ ਜਪਣਾ ਤੇ ਉਸ ਕਰੁਣਾਮਯ ਦੇ ਗੁਣ ਗਾਇਨ ਕਰਨੇ। ਇਹ ਨਾਮ ਜਪਣਾ ਤੇ ਗੁਣ ਗਾਇਨ ਪਾਪ ਦੂਰ ਕਰਦਾ ਹੈ ਤੇ ਮੁਕਤੀ ਦੇਂਦਾ ਹੈ।

{ਸੰ. ਪੋ. ਭਾਗ-੩ ਪੰ: ੧੩੭੧}

224. ਤ੍ਰਿਕੁਟੀ ਛੁੱਟੀ ਦਾ ਭਾਵ ਹੈ ਤ੍ਰੈ ਗੁਣਾ ਦਾ ਪਸਾਰਾ ਚਿਤ ਬ੍ਰਿਤੀ ਤੋਂ ਮਿਟ ਕੇ 'ਇਕ' ਤੇ ਦ੍ਰਿਸ਼ਟੀ ਟਿਕ ਗਈ। ਅਥਵਾ 'ਗਜਾਤਾ ਗਜਾਨ ਗਜੇਯ' 'ਯਾ ਧਜਾਤਾ ਧਜਾਨ ਧਜੇਯ' ਆਦਿ ਜੋ ਤ੍ਰਿਪੁਟੀ ਹੈ, ਸੋ ਹਟਕੇ 'ਇਕੋ ਏਕ' ਤੇ ਦ੍ਰਿਸਟੀ ਟਿਕ ਗਈ।

{ਸੰ. ਪੋ. ਭਾਗ-੩ ਪੰ: ੧੩੭੫}

225. ਨਿਧੀਆਂ ਸਿਧੀਆਂ ਦੇ ਮਗਰ ਭਟਕਣਾ ਨਹੀਂ ਚਾਹੀਦਾ। ਨਾਮ ਵੀਚਾਰ ਨੂੰ ਸਭ ਤੋਂ ਵੱਡੀ ਨਿਧੀ ਤੇ ਸਭ ਤੋਂ ਵੱਡੀ ਸਿਧੀ ਸਮਝਣਾ ਚਾਹੀਏ। ਏਥੇ ਇਹ ਭਾਵ ਨਹੀਂ ਕਿ ਨਾਮ ਦੁਆਰਾ ਰਿਧੀ ਸਿਧੀ ਮਿਲੇਗੀ ਇਸ ਭਾਵਨਾ ਨਾਲ ਨਾਮ ਅਰਾਧੋ। ਨਹੀਂ, ਇਥੇ ਭਾਵ

ਇਹ ਹੈ ਕਿ ਨਿਧੀਆਂ ਸਿਧੀਆਂ ਦਾ ਤਿਆਗ ਕਰੋ। ਉਹ ਪਦਾਰਥ ਦੇਣਗੀਆਂ, ਪਦਾਰਥ ਨਾਸਵੰਤ ਹਨ ਤੇ ਜੀਵ ਨੂੰ ਤ੍ਰਿਗੁਣਾਤਮਿਕ ਰੱਖਦੇ ਹਨ। ਸੋ ਪਰਮੇਸ਼ਰ ਦਾ ਨਾਮ ਹੀ ਨਿਧੀ ਹੈ, ਇਹੋ ਸਿੱਧੀ ਹੈ, ਕਿਉਂਕਿ ਇਹ ਸਭ ਤੋਂ ਵੱਡੇ ਪਦ ਤੇ ਸਭ ਤੋਂ ਵੱਡੀ ਪ੍ਰਾਪਤੀ ਤੇ ਲੈ ਜਾਂਦਾ ਹੈ। ਜੀਵ ਦਾ 'ਮਾਇਆ' ਦੇ ਘੇਰੇ ਤੋਂ ਛੁੱਟਕੇ ਪਰਮਾਤਮ ਦੇਵ ਵਿਚ ਪੁੱਜ ਪੈਣਾ, ਇਸ ਤੋਂ ਵੱਡੀ ਕਰਾਮਾਤ ਕਿਹੜੀ ਹੋ ਸਕਦੀ ਹੈ?

{ਸੰ. ਪੋ. ਭਾਗ-੩ ਪੰ: ੧੩੭੫}

226. ਕੀਤੇ ਕਰਮਾਂ ਅਨੁਸਾਰ ਪਈ ਲਿਖਤ ਮਿਟ ਤਾਂ ਨਹੀਂ ਸਕਦੀ, ਹਾਂ ਇਹ ਇਕ ਤਰ੍ਹਾਂ ਮਿਟ ਬੀ ਸਕਦੀ ਹੈ ਜਿ ਇਸ ਉਤੇ ਸ਼ਬਦ ਨੀਸ਼ਾਨ ਰੂਪ ਹੋਕੇ ਪੈ ਜਾਵੇ। ਭਾਵ ਪਹਲੀ ਲਿਖਤ ਉੱਤੇ ਰੱਬ ਦੇ ਨਾਮ ਦੀਆਂ ਰੇਖਾਂ ਪੈ ਜਾਣ ਤਾਂ ਪਹਿਲੀਆਂ ਰੇਖਾਂ ਮਿਟ ਜਾਣਗੀਆਂ, ਕਿਉਂਕਿ ਇਹ ਨੀਸ਼ਾਨ ਹੋ ਚਮਕਣਗੀਆਂ ਕਿ ਮੇਹਰ ਪ੍ਰਾਪਤ ਪੁਰਖ ਹੁਣ ਮੇਹਰ ਦੇ ਘਰ ਵਿਚ ਆ ਗਿਆ ਹੈ। ਇਹ ਹੁਣ ਫਜ਼ਲ ਵਿਚ ਹੈ। ਫਜ਼ਲ ਵਾਲੇ ਉਪਰ ਕਰਮ ਹਾਵੀ ਨਹੀਂ।

{ਸੰ. ਪੋ. ਭਾਗ-੩ ਪੰ: ੧੩੭੭}

227. ਇਕ ਨਾਮ ਹੀ ਐਸੀ ਵਸਤੂ ਹੈ ਕਿ ਜਿਸ ਵਿਚ ਦੀਨ ਦੁਨੀ ਦੀ ਕੀਰਤੀ, ਮਨ ਆਤਮਾ ਦੀ ਸੁੰਦਰਤਾ, ਤੇ ਜਗਤ ਤੋਂ ਕਲਜਾਣ ਸਭ ਕੁਛ ਮੌਜੂਦ ਹੈ, ਕਿਉਂਕਿ ਉਸੇ ਨਾਮ ਵਿਚ ਜੋ ਦਿੱਸਦਾ ਤਾਂ ਅੱਖਰਾਂ ਦਾ ਹੈ, ਪਰ ਉਸ ਨਾਮ ਵਿਚ ਮਾਇਆ ਤੋਂ ਰਹਿਤ ਅਰੂਪ ਪ੍ਰਭੂ ਸਮਾਇਆ ਹੋਇਆ ਹੁੰਦਾ ਹੈ। "ਹਰਿ ਸਿਮਰਨ ਮਹਿ ਆਪਿ ਨਿਰੰਕਾਰਾ॥ (ਗਉ:ਮ:5, ਸੁਖਮਨੀ 1-8)

{ਸੰ. ਪੋ. ਭਾਗ-੩ ਪੰ: ੧੩੮੫}

228. ਹੇ ਸਿੱਖ! ਤੂੰ ਬੀ ਉਸਦਾ ਭਜਨ ਕਰ, ਹਾਂ, ਉਸਦਾ ਭਜਨ ਸਦਾ ਸਦਾ ਕਰ, ਤਨ, ਮਨ ਸੁੱਚਾ ਰੱਖਕੇ ਪ੍ਰੀਤ ਕਰ, ਚਿਤ ਵਿਚ ਸੱਚ ਵਸਾਕੇ ਪ੍ਰੀਤ ਕਰ।

{ਸੰ. ਪੋ. ਭਾਗ-੩ ਪੰ: ੧੩੮੫}

 www.sikhbookclub.com

229. ਸਿਮਰਨ ਨਾਲ ਮਨ ਜਦ ਰਸਮਈ ਹੁੰਦਾ ਹੈ ਤਾਂ ਆਪ ਨੂੰ ਸੁੰਦਰ ਪ੍ਰਤੀਤ ਕਰਦਾ ਹੈ। ਆਤਮਾ ਜਦ ਆਪ ਨੂੰ ਸ਼ਰੀਰ ਮਨ ਆਦਿ ਤੋਂ ਅਲੇਪ ਦੇਖਦੀ ਹੈ ਤਾਂ ਆਪਾ ਸੁੰਦਰ ਪ੍ਰਤੀਤ ਦੇਂਦਾ ਹੈ।
{ਸੰ. ਪੋ. ਭਾਗ-੩ ਪੰ: ੧੩੮੭}

230. ਆਪਾ ਭਾਵ ਅਰਥਾਤ ਹਉਮੈਂ ਦੂਰ ਕਰਕੇ ਜੋ ਸ਼ੇਸ਼ ਰਹਿ ਜਾਂਦਾ ਹੈ ਉਹ ਹੁੰਦਾ ਹੈ ਸ਼ੁੱਧ ਆਤਮਾ ਜਿਸ ਬਾਬਤ ਫੁਰਮਾਨ ਹੈ **'ਮਨ ਤੂੰ ਜੋਤਿ ਸਰੂਪੁ ਹੈ'**। (ਆਸਾ:ਮ:3, ਛੰਤ 7-5)
{ਸੰ. ਪੋ. ਭਾਗ-੩ ਪੰ: ੧੩੮੭ ਅਰਥ ਤੇ ਫੁਟ ਨੋਟ}

231. (ਪਰਮੇਸ਼ਰ ਦੀ ਯਾਦ ਤੋਂ) ਭੁੱਲਾ ਮਨ ਵਿਕਾਰ ਚਿਤਵਦਾ ਹੈ, ਪਾਪ ਕਰਦਾ ਹੈ। ਭੁੱਲਾ ਮਨ ਹੀ ਹਰ ਤਰ੍ਹਾਂ ਮਾਇਆ ਵਿਚ ਗ਼ਲਤਾਨ ਹੋ ਜਾਂਦਾ ਹੈ। ਭੁੱਲਾ ਮਨ ਹੀ ਸਭ ਤਰ੍ਹਾਂ ਦੀ ਕਾਮਨਾ ਵਿਚ ਫਸਦਾ ਹੈ। ਕਾਮਨਾ ਚਿਤਵਨ ਵਾਲਾ ਏਕਾਗਰ ਨਹੀਂ ਹੁੰਦਾ।
{ਸੰ. ਪੋ. ਭਾਗ-੩ ਪੰ: ੧੩੯੦}

232. ਮਾਇਆ ਤੇ ਪਦਾਰਥ ਕੱਠੇ ਕਰਨੇ ਨਾ ਕੇਵਲ ਖਿੰਡਾਉ ਹੈ, ਸਗੋਂ ਚਿੰਤਾ ਹੈ। ਉਹ ਵਿਕਾਰਾਂ ਵਿਚ ਲੈ ਜਾਂਦੀ ਹੈ। ਵਿਕਾਰਾਂ ਵਾਲੇ ਨੂੰ ਹਰਖ ਸ਼ੋਕ ਸਤਾਉਂਦੇ ਹਨ।
{ਸੰ. ਪੋ. ਭਾਗ-੩ ਪੰ: ੧੩੯੦}

233. ਗੁਰਮੁਖ ਕਦੇ ਅਪਣੇ ਮਨ ਨੂੰ ਅਵੈੜੇ ਪਸ਼ੂ ਵਾਂਙੂ ਖੁੱਲ੍ਹੀਆਂ ਕੁਦਾੜੀਆਂ ਵਿਚ ਨਹੀਂ ਛਡਦਾ, ਨਾ ਹੀ ਕਾਬੂ ਰੱਖਣ ਦੇ ਤਰਲੇ ਤਰੱਦਦ ਵਿਚ ਆਪੇ ਨੂੰ ਦੁਖੀ ਕਰਦਾ ਹੈ, ਉਹ ਸਭ ਤੋਂ ਮਿੱਠੀ, ਸੁਖਦਾਈ, ਸਾਂਈਂ ਤੋਂ ਅਵਿਛੜ ਰੱਖਣ ਵਾਲੀ ਵਰਤੋਂ ਵਾਹਿਗੁਰੂ ਦੀ ਮਹਿਮਾ ਵਿਚ, ਕੀਰਤੀ ਵਿਚ, ਗੁਣ ਗਾਇਣ ਵਿਚ ਆਪ ਨੂੰ ਲਾਈ ਰੱਖਦਾ ਹੈ।
{ਸੰ. ਪੋ. ਭਾਗ-੩ ਪੰ: ੧੩੯੦}

234. ਇਹ ਨਾਮ ਮਾਰਗ ਈਸ਼੍ਵਰ ਪ੍ਰੇਮ ਦਾ ਮਾਰਗ ਹੈ। ਜਿਸ ਨੂੰ ਪਿਆਰ ਕਰੋ ਉਸ ਨੂੰ ਬੀ ਪਿਆਰ ਦੀ ਖਿੱਚ ਪੈਂਦੀ ਹੈ। ਪ੍ਰੇਮ ਸਰੂਪ ਪ੍ਰਭੂ ਆਪਣੇ ਪ੍ਰੇਮੀ, ਨਾਮ ਅਭਿਆਸੀ ਨੂੰ ਪਿਆਰ ਕਰਦਾ ਹੈ। ਇਸ


www.sikhbookclub.com

ਨਿਜ ਸਰੂਪ ਵਿਚ ਆਏ ਅਨੰਤ ਵਲ ਤੱਕ ਰਹੇ ਪਿਆਰੇ ਨੂੰ ਅਪਣੇ ਸਰੂਪ ਵਿਚ ਸਮਾਈ ਬਖਸ਼ਦਾ ਹੈ। {ਸੰ. ਪੋ. ਭਾਗ-1 ਪੰ: 119}

235. ਉਸ (ਅਕਾਲ ਪੁਰਖ) ਦੀ ਉਚਾਈ ਤਕ ਪਹੁੰਚ ਉਸੇ ਦੇ ਨਾਮ ਦੀ ਹੈ, ਜੋ ਮਾਨੋ ਪਉੜੀ ਹੈ ਉਸ ਉਚਾਈ ਉਪਰ ਲੈ ਜਾਣ ਦੀ। {ਸੰ. ਪੋ. ਭਾਗ-੧ ਪੰ: ੧੧੬}

236. ਕਾਮਨਾ ਇਕ ਕੁੰਗੀ* ਹੈ ਜੋ ਪ੍ਰੇਮਾ ਭਗਤੀ ਦੀ ਕੀਮਤ ਘਟਾ ਦੇਂਦੀ ਹੈ। ਸੋ ਸਿਖਜਾ ਦਿਤੀ ਹੈ ਕਿ "**ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥**" ਦੇ ਵਾਸਤੇ ਨਿਸ਼ਕਾਮ ਹੋਣਾ ਜ਼ਰੂਰੀ ਹੈ।.....ਸਰੀਰ ਦਾ ਜੋ ਭੋਗ ਹੈ ਅਵੱਸ਼ ਕਰਮਾਂ ਦੇ ਅਨੁਸਾਰ ਮਿਲੇਗਾ, ਉਸ ਲਈ ਪ੍ਰੇਮਾ ਭਗਤੀ ਨੂੰ ਕੁੰਗੀ ਲਗਾਉਣੇ ਦੀ ਲੋੜ ਨਹੀਂ। {ਸੰ. ਪੋ. ਭਾਗ-੧ ਪੰ: ੫੯}

237. ਸਿਫ਼ਤ ਸਲਾਹ ਆਤਮ ਪਾਤਸ਼ਾਹੀ ਹੈ। ਪਾਤਸ਼ਾਹੀ ਦਾਤਾਰਗੀ ਹੈ ਅਰਥਾਤ ਪਾਤਸ਼ਾਹ ਦਾਤਾ ਹੁੰਦਾ ਹੈ। ਪਰ ਪਾਤਸ਼ਾਹੀ ਬੀ ਉਸਦੀ ਦਾਤ ਹੈ। {ਸੰ. ਪੋ. ਭਾਗ-੧ ਪੰ: ੧੧੯}

238. ਸਿਫਤ ਸਲਾਹ ਨਾਲ ਗੋਬਿੰਦ ਦਾ ਪ੍ਰੇਮ ਉਪਜਦਾ ਹੈ। ਜੋ ਪ੍ਰੇਮੀ ਦਾ ਮਿਤ੍ਰ ਤੇ ਸਨਬੰਧੀ ਹੋ ਜਾਂਦਾ ਹੈ, ਜਿਸ ਕਰਕੇ ਪ੍ਰੇਮੀ ਨੂੰ ਸਹਜ ਅਨੰਦ ਪ੍ਰਾਪਤ ਹੁੰਦਾ ਹੈ। {ਸੰ. ਪੋ. ਭਾਗ-੧ ਪੰ: ੧੫੫}

239. ਨਾਮ ਹੀ ਪ੍ਰੇਮ ਹੈ। '**ਪ੍ਰੇਮ ਪਦਾਰਥ ਨਾਮ ਹੈ ਭਾਈ ਮਾਇਆ ਮੋਹ ਬਿਨਾਸੁ॥**' (ਸੋ. ਮ: 5, ਅਸਟ-1) {ਸੰ. ਪੋ. ਭਾਗ-੧ ਪੰ: ੧੫੫}

240. ਨਾਮ ਆਰਾਧਣ ਦੀ ਅਵਸਥਾ ਰਸ-ਮਈ ਹੈ, ਜੋ ਜਿੰਨੀ ਪ੍ਰਬਲ ਹੋਵੇ ਉੱਨੀ ਵਧੀਕ ਰਸ ਮਈ ਹੈ। ਰਸ-ਮਈ ਹੋਣ ਕਰਕੇ ਹੀ ਰਸੀਆ ਵਧੇਰੇ ਵਧੇਰੇ ਰਸ ਲੋਚਦਾ ਹੈ। {ਸੰ. ਪੋ. ਭਾਗ-1 ਪੰ: 156}

---

* ਕੁੰਗੀ = Wheat rust due to which crops turn pale due to excessive humidity and insufficient sun-shine.

 www.sikhbookclub.com

241. ਝੂਠੀਆਂ ਵਡਿਆਈਆਂ ਵਿਚ ਲੱਗ ਕੇ ਵਕਤ ਨਾ ਗੁਆਓ, ਗੁਰਮੁਖਾਂ ਦਾ ਸੰਗ ਕਰਕੇ ਅੱਗੇ ਕੰਮ ਆਉਣ ਵਾਲੀ ਵਡਿਆਈ ਪ੍ਰਾਪਤ ਕਰੋ। {ਸੰ. ਪੋ. ਭਾਗ-1 ਪੰ: 231}

242. ਜਦੋਂ ਮਨ ਤਨ ਇਸ (ਨਾਮ) ਸਿਮਰਨ ਵਿਚ ਰਚ ਜਾਂਦੇ ਹਨ, ਮੈਲ ਦੂਰ ਹੋ ਜਾਂਦੀ ਹੈ, ਤਦ ਨਾਮ ਰਸ ਰੂਪ ਹੋ ਜਾਂਦਾ ਹੈ। ਰੋਮ ਰੋਮ ਵਿਚ ਇਹ ਪ੍ਰਤੀਤੀ ਯਾ ਅਹਿਸਾਸ ਹੋ ਆਉਂਦਾ ਹੈ ਕਿ ਮਾਨੋ ਹਰ ਰੋਮ ਵਿਚ ਨਾਮ ਰਸ ਹੈ, ਇਸ ਨੂੰ ਰੋਮ ਰੋਮ ਧਿਆਉਣਾ ਕਹੀਦਾ ਹੈ। {ਸੰ. ਪੋ. ਭਾਗ-੧ ਪੰ: ੧੫੭}

243. ਜਿੱਕੁਰ ਸੂਰਜ ਰਾਤ੍ਰੀ ਨੂੰ (ਕਿਰਖੀ)= ਖਿਚ ਲੈਂਦਾ ਹੈ। ਭਾਵ ਖਿਚਕੇ ਅਭਾਵ ਕਰ ਦੇਂਦਾ ਹੈ, ਇੱਕੁਰ ਹੀ ਸੰਤ ਸੂਰਜ ਵਤ ਜਗਜਾਸੂ ਦੀ ਅਵਿਦਯਾ ਰੂਪ ਰਾਤ੍ਰੀ ਆਪਣੀ ਵੱਲ ਖਿਚ ਕੇ ਦੂਰ ਕਰ ਦੇਂਦੇ ਹਨ। {ਸੰ. ਪੋ. ਭਾਗ-੧ ਪੰ: ੨੧੭}

244. ਕਾਹਲ ਵਿਚ ਨਾ ਜਾਓ, ਘਬਰਾ ਦੂਰ ਕਰੋ, ਸਹਿਜ ਵਿਚ ਆਓ। ਫੇਰ ਸੰਤੋਖ ਧਾਰਨ ਕਰੋ, ਜੋ ਕੁਛ ਕਰਤਾਰ ਕਰੇ ਉਸ ਪਰ ਸੰਤੁਸ਼ਟ ਰਹੋ, ਫੇਰ ਦੁਖ ਸੁਖ ਬਣੇ ਤਾਂ ਸਬਰ ਸ਼ੁਕਰ ਦੇ ਵਾਕ ਕਹੋ, ਮਿਠਾ ਬੋਲੋ ਈਸ਼੍ਵਰ ਨੂੰ ਦੋਸ਼ ਨਾ ਦਿਓ। {ਸੰ. ਪੋ. ਭਾਗ-੧ ਪੰ: ੨੫੯}

245. ਜੀਵ ਸਰਬ ਸਮਰਪਣ ਤੇ ਅੱਪੜੇ, ਅੱਗੇ ਉਸ (ਅਕਾਲ ਪੁਰਖ) ਦਾ ਬਿਰਦ 'ਨਦਰੀ ਨਦਰਿ ਨਿਹਾਲ' ਕਰਦਾ ਹੈ, 'ਅਨੰਤ' 'ਅੰਤ ਵਾਲੇ' ਨੂੰ ਅਪਣੇ ਵਿਚ ਆਪ ਮਿਲਾਉਂਦਾ ਹੈ। "ਬਾਹ ਪਕਰਿ ਪ੍ਰਿਅ ਸੇਜੈ ਆਨੀ॥" (ਆਸਾ ਮ: 5-7) {ਸੰ. ਪੋ. ਭਾਗ-੧ ਪੰ: ੨੬੦}

**ਅਨੰਤ ਲਗਨ**

ਜਿਉਂ 'ਅਨੰਤ' ਤੂੰ ਆਪ ਸੁਹਣਿਆਂ! ਤਿਉਂ ਤੁਧ 'ਛਪਨ' ਅਨੰਤ।
ਕਰ ਦੇਹ ਤਿਵੇਂ ਸੁਹਣਿਆਂ! ਮੇਰੀ 'ਦਰਸ਼ਨ-ਲਗਨ' ਅਨੰਤ!
ਆਖਣ: 'ਦਰਸ਼ਨ ਦਏ ਜਿ ਸੁਹਣਾ ਆ ਜਾਊ ਵਿਚ ਅੰਤ,
'ਦਰਸ਼ਨ ਤਾਂਘ ਨਾਲ ਹੀ ਤੇਰੀ ਰੱਜ ਹੋ ਜਾਊ ਅੰਤ।
'ਲਗਨ ਅਨੰਤ ਜੇ ਹੋ ਗਈ ਤੇਰੀ ਤੂੰ ਹੋ ਗਿਓਂ ਅਨੰਤ, 'ਹੋ ਅਨੰਤ ਫਿਰ ਮਿਲ ਪਏਂ ਭਾਵੇਂ ਉਸ ਅਨੰਤ ਨੂੰ ਅੰਤ'। (ਸਿੱਕਾਂ ਸਧਰਾਂ)

 www.sikhbookclub.com

246. ਸਹਿਜ ਤ੍ਰੈ ਗੁਣਾਂ ਤੋਂ ਉਪਰ ਦੀ ਆਤਮਾ ਦੀ ਸੁਤੇ ਸੁਭਾਵਕ ਅਵਸਥਾ ਹੈ, ਜਦੋਂ ਸੁਤੇ ਸਿਧ ਮਨ ਸਾਂਈਂ ਨਾਲ ਲਗਾ ਰਹਿੰਦਾ ਹੈ ਤੇ ਸੁਭਾਵਕ ਨੇਕੀ ਤੇ ਭਲਿਆਈ ਤੇ ਨਾਮ ਦਾ ਦਾਨ ਪਿਆ ਹੁੰਦਾ ਹੈ।

{ਸੰ. ਪੋ. ਭਾਗ-੧ ਪੰ: ੨੬੯}

247. ਨਿਰੇ ਗੱਲਾਂ ਨਾਲ ਸੁਣੇ ਸਮਝੇ ਗਿਆਨ ਨਾਲ ਆਤਮਾ ਅਨਾਤਮਾ ਤੋਂ ਨਹੀਂ ਤ੍ਰੁਟਦੀ, ਯਾ ਇਉਂ ਆਖੋ ਕਿ ਚਿਦਜੜ੍ਹ ਗ੍ਰੰਥੀ (ਚੇਤਨ ਤੇ ਜੜ੍ਹ ਨੂੰ ਵਿਵੇਕ ਕਰਨ ਵਾਲੀ ਬੁਧੀ) ਨਹੀਂ ਖੁਲ੍ਹਦੀ, ਪਰ ਸ਼ਬਦ ਨਾਲ ਜਦ ਮਨ ਪਰੋਤਾ ਜਾਏ, ਭੇਦਿਆ ਜਾਏ, ਵਿਨ੍ਹਿਆ ਜਾਏ ਤਾਂ ਜੜ੍ਹ ਚੇਤਨ ਦੀ ਗੰਢ ਅਮਲੀ ਤੌਰ ਤੇ ਖੁੱਲ੍ਹ ਜਾਂਦੀ ਹੈ।

{ਸੰ. ਪੋ. ਭਾਗ-੧ ਪੰ: ੨੭੬}

248. ਪਾਪਾਂ ਦੀ ਨਵਿਰਤੀ ਦਾ ਉਪਾਉ ਨਾਮ ਹੈ। **"ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥"** (ਜਪੁਜੀ-20)

{ਸੰ. ਪੋ. ਭਾਗ-੧ ਪੰ: ੩੪੨}

249. ਅਰਦਾਸ ਵਿਚ ਭੁੱਲਾਂ ਦਾ ਇਕਰਾਰ ਕਰਿਆ ਕਰੋ ਤੇ ਭੁੱਲਾਂ ਕਰਦੇ ਕਦੇ ਨਿਰਾਸ ਨਾ ਹੋਇਆ ਕਰੋ, ਨਾਮ ਤੇ ਦ੍ਰਿੜ ਵਿਸ਼ਵਾਸ ਧਾਰਕੇ ਨਾਮ ਜਪਦੇ ਰਿਹਾ ਕਰੋ ਕਿ ਇਹੋ ਤਾਰੇਗਾ, ਸਾਰੇ ਅਵਗੁਣ ਧੋ ਕੱਢੇਗਾ ਤੇ ਚਰਨ ਸ਼ਰਨ ਲੈ ਜਾਏਗਾ।

{ਸੰ. ਪੋ. ਭਾਗ-੧ ਪੰ: ੩੪੨}

250. ਨਾਮ ਸਿਮਰਨ ਕਰੋ, ਵਾਹਿਗੁਰੂ ਜੀ ਤੇ ਦ੍ਰਿੜ ਭਰੋਸਾ ਧਾਰਨ ਕਰੋ ਜੋ ਤੁਹਾਡੀ ਨਜ਼ਰ ਕਰਮ ਜਾਲ ਤੋਂ ਉੱਠਕੇ ਵਾਹਿਗੁਰੂ ਵਿਚ ਚਲੀ ਜਾਵੇ। ਇਸ ਤਰ੍ਹਾਂ ਦਾ ਨਾਮ ਅਭਿਆਸ ਤੇ ਦ੍ਰਿੜ ਵਿਸ਼ਵਾਸ ਕਿ **'ਤੁਧੁ ਭਾਵੈ ਤਾ ਆਣਹਿ ਰਾਸਿ'** {ਸੂਹੀ ਮ: 5-2} ਨਾਲ ਨਾਮੀ ਨੂੰ ਪ੍ਰਾਪਤ ਹੋ ਜਾਓਗੇ, ਜਿਸ ਕਰਕੇ ਕਰਮ ਗੇੜ ਵਿਚੋਂ ਨਿਕਲ ਜਾਓਗੇ, ਉਹ ਨੀਵਾਂ ਰਹਿ ਜਾਏਗਾ।

{ਸੰ. ਪੋ. ਭਾਗ-੧ ਪੰ: ੩੫੬}

251. ਜਿਸ ਨੂੰ ਇਹ ਮਾਰਗ-ਸਿਮਰਨ ਦਾ-ਮਿਲ ਜਾਵੇ ਓਹ ਨਾਮ ਸਿਮਰੇ ਪਰ ਇਹ ਅਪਣੀ ਹਉਮੈ ਦਾ ਕੰਮ ਨਾ ਸਮਝੇ, ਇਹ ਬੀ ਮਿਹਰ ਸਮਝੇ, ਕਿਉਂਕਿ ਮੇਹਰ ਬਿਨਾ ਕੋਈ ਲੱਗ ਨਹੀਂ ਸਕਦਾ। ਮੇਹਰ ਸਮਝਣ ਨਾਲ ਹਉਂ ਪਤਲੀ ਪੈਂਦੀ ਪੈਂਦੀ ਮੁੱਕ ਜਾਂਦੀ ਹੈ। ਹਉਂ ਮੁੱਕਿਆਂ ਆਤਮ ਅਨੁਭਵਤਾ ਉੱਘੜ ਆਉਂਦੀ ਹੈ, ਉਹੀ ਪਰਮਾਤਮ ਮੇਲ ਵਿਚ ਪਾ ਦੇਂਦੀ ਹੈ। ਇਹੀ ਹੈ ਪਰਮ ਉੱਤਮ ਤੇ ਉੱਚ ਅਵਸਥਾ।

{ਸੰ. ਪੋ. ਭਾਗ-੧ ਪੰ: ੩੭੩}

252. ਹਰੀ ਦੀ ਭਗਤੀ ਹਰੀ ਦੇ ਪਿਆਰ ਦਾ ਨਾਮ ਹੈ। ਜੇ ਕੋਈ ਭਗਤ ਸਦਾਵੇ ਤੇ ਪਿਆਰ ਨਾ ਹੋਵੇ ਤਾਂ ਉਹ ਪਾਖੰਡ ਹੈ।

{ਸੰ. ਪੋ. ਭਾਗ-੧ ਪੰ: ੩੭੪ ਤੇ ਫੁਟ ਨੋਟ}

253. ਹਉਮੈਂ ਆਪਣੀ ਮਨੋਰਥ ਪੂਰਤੀ ਲਈ ਤ੍ਰਿਸ਼ਨਾ ਵਿਚ ਪੈਂਦੀ ਹੈ। ਤ੍ਰਿਸ਼ਨਾ ਦੀ ਪੂਰਤੀ ਦੀ ਕੋਸ਼ਿਸ਼ ਪਾਪ ਕਰਾਉਂਦੀ ਹੈ। ਮਨ ਮੈਲਾ ਹੋ ਜਾਂਦਾ ਹੈ। ਮੈਲਾ ਮਨ ਅਸਲ ਸੁਖ ਦੀ ਪਛਾਣ ਨਹੀਂ ਕਰ ਸਕਦਾ, ਉਹ ਤ੍ਰਿਸ਼ਨਾਂ ਦੀ ਪੂਰਤੀ ਵਿਚ ਹੀ ਸੁਖ ਮੰਨਦਾ ਹੈ।

{ਸੰ. ਪੋ. ਭਾਗ-੧ ਪੰ: ੩੭੭}

254. (ਜਗਿਆਸੂ) ਹਰੀ ਦੇ ਨਾਮ ਵਿਚ ਲਗੇ, ਇਹ ਸੁਖ ਦਾਤਾ ਹੀ ਨਹੀਂ ਇਹ ਸੁਖ ਦਾ ਸਾਗਰ ਹੈ। ਇਹ ਗੁਰੂ ਤੋਂ ਲਈਦਾ ਹੈ, ਲੈਕੇ ਸਿਮਰਨ ਕਰਦਿਆਂ ਲਗਾਤਾਰੀ ਸਿਮਰਨ ਵਿਚ ਆ ਜਾਈਦਾ ਹੈ। ਇਉਂ ਨਾਮ ਅੰਦਰ ਰਚ ਜਾਂਦਾ ਹੈ, ਮਨ ਨਿਰਮਲ ਹੋ ਜਾਂਦਾ ਹੈ। ਫੇਰ ਧਿਆਈ ਜਾਈਦਾ ਹੈ ਤਾਂ ਸ਼ਬਦ ਦੀ ਪਛਾਣ ਹੋ ਜਾਂਦੀ ਹੈ... ਸ਼ਬਦ ਰੂਪੀ ਬ੍ਰਹਮ ਦੀ।

{ਸੰ. ਪੋ. ਭਾਗ-੧ ਪੰ: ੩੭੭}

255. ਨਾਮ ਸਿਮਰੋ ਸਦਾ ਸਦਾ, ਪਾਪੀ ਪੁੰਨੀ ਸਭ ਦਾ ਆਧਾਰ ਇਹੋ ਹੈ। ਪਾਪੀ ਨੂੰ ਨਿਰਮਲ ਕਰਕੇ ਗਜਾਨ ਤੇ ਲੈ ਜਾਏਗਾ, ਪੁੰਨੀ ਨੂੰ ਨਿਸ਼ਕਾਮ ਕਰਕੇ ਗਜਾਨ ਤੇ ਲੈ ਜਾਏਗਾ। **"ਨਾਨਕ ਨਿਰਗੁਣਿ**

 www.sikhbookclub.com

**ਗੁਣੁ ਕਰੇ ਗੁਣਵੰਤਿਆ ਗੁਣੁ ਦੇ॥**"(ਜਪੁਜੀ-7) ਇਸ ਲਈ ਇਹ ਸਭ ਦਾ ਆਸਰਾ ਹੈ। ਇਸਦੀ ਸ਼ਰਨ ਲਓ, ਸਦਾ ਧਿਆਓ।
{ਸੰ. ਪੋ. ਭਾਗ-੧ ਪੰ: ੩੭੮}

256. ਮੋਹ ਮਾਇਆ ਵਲੋਂ ਵੈਰਾਗ ਜ਼ਰੂਰੀ ਹੈ, ਰਸਾਂ ਕਸਾਂ ਤੇ ਪਦਾਰਥਾਂ ਵਲੋਂ ਉਦਾਸੀ ਜ਼ਰੂਰੀ ਹੈ, ਪਰ ਘਰ ਛੱਡਕੇ ਸਾਧੂ ਹੋ ਜਾਣ ਦੀ ਲੋੜ ਨਹੀਂ ਹੈ।
{ਸੰ. ਪੋ. ਭਾਗ-੧ ਪੰ: ੩੮੦}

257. (ਗੁਰੂ ਦਾ ਸ਼ਬਦ) ਹਰੀ ਦਾ ਭੈ ਪਾ ਦੇਂਦਾ ਹੈ, ਭੈ ਦੀ ਲਾਗ ਲਗੇ ਤਾਂ ਫੇਰ ਪ੍ਰੇਮ ਦੀ ਲਾਗ ਲਗਦੀ ਹੈ। ਭੈ ਤੋਂ ਬਿਨਾਂ ਪ੍ਰੇਮ ਦੀ ਲਾਗ ਨਹੀਂ ਲਗਦੀ।
{ਸੰ. ਪੋ. ਭਾਗ-੧ ਪੰ: ੩੮੦}

258. ਜੇ ਕੋਈ ਜਾਣ ਲਵੇ ਅਰਥਾਤ ਹਿਰਦੇ ਵਿਚ ਪ੍ਰਤੀਤ ਕਰ ਲਵੇ ਕਿ ਮੇਰੇ ਸਿਰ ਤੇ ਵਾਹਿਗੁਰੂ ਹੈ ਤਾਂ ਉਸਦੀ ਭਗਤੀ ਐਉਂ ਕਰੇ ਜਿਵੇਂ ਕੋਈ ਸੱਚੀ ਸੁਹਾਗਣ ਅਪਣੇ ਪਤੀ ਦੀ ਕਰਦੀ ਹੈ। ਅਰਥਾਤ ਅਪਣਾ ਤਨ, ਮਨ, ਸਭ ਕੁਛ ਉਸ ਵਿਚ ਅਰਪਨ ਸਮਝ ਲਵੇ। ਉਸ ਦੇ ਧਜਾਨ ਵਿਚ, ਉਸ ਦੇ ਨਾਮ ਵਿਚ, ਉਸ ਦੇ ਪਜਾਰ ਭਾਵ ਵਿਚ ਲੱਗਾ ਰਹੇ। ਇਸ ਭਗਤੀ ਦੁਆਰਾ ਵਾਹਿਗੁਰੂ ਜੀ ਨਾਲ ਮਿਲਾਪ ਸੁਖੈਨ ਹੋ ਜਾਂਦਾ ਹੈ।
{ਸੰ. ਪੋ. ਭਾਗ-੧ ਪੰ: ੩੯੧}

259. ਪਰਮੇਸ਼ਰ ਦਾ ਅੰਤ ਪਾ ਸਕਣਾ ਨਹੀਂ ਹੋ ਸਕਦਾ, ਪਰ ਪਰਮੇਸ਼ਰ ਜੀ ਨੂੰ ਪ੍ਰਾਪਤ ਹੋ ਸਕੀਦਾ ਹੈ। ਉਸ ਦੀ ਪ੍ਰਾਪਤੀ ਦਾ ਤ੍ਰੀਕਾ ਹਉਂ ਨਵਿਰਤੀ ਵਿਚ ਹੈ। ਹਉਂ ਨਵਿਰਤੀ ਨਾਮ ਨਾਲ ਹੈ। ਨਾਮ ਗੁਰੂ ਮੇਹਰ ਨਾਲ ਹੈ।
{ਸੰ. ਪੋ. ਭਾਗ-੧ ਪੰ: ੩੯੬}

260. (ਈਸ਼੍ਵਰ) ਪ੍ਰਾਪਤੀ ਬੀ ਗੱਲਾਂ ਨਾਲ, ਸ਼ਾਸਤ੍ਰਾਂ ਦੀਆਂ ਵਾਰਤਾਂ, ਸਾਧੂਆਂ ਦੀਆਂ ਕਥਾਂ ਆਦਿ ਯਾ ਆਪ ਕਹਿਣ ਕਹਾਉਣ ਨਾਲ

ਨਹੀਂ, ਇਹ ਅੰਦਰੋਂ ਹਉਮੈਂ ਦੂਰ ਕਰਨ ਨਾਲ ਹੁੰਦੀ ਹੈ, ਕਿਉਂਕਿ ਸਾਡੇ ਤੇ ਉਸਦੇ ਵਿਚ ਪਰਦਾ ਹੀ ਹਉਂ ਦਾ ਹੈ।

{ਸੰ. ਪੋ. ਭਾਗ-੧ ਪੰ: ੩੯੮}

261. ਕਰਮ ਅਪਣੇ, ਮੇਹਰ ਸਾਂਈਂ ਦੀ, ਤੇ ਪ੍ਰਸਾਦਿ ਗੁਰੂ ਦਾ ਕੋਈ ਸੰਗਮ ਹੈ।

{ਸੰ. ਪੋ. ਭਾਗ-੧ ਪੰ: ੩੯੮}

262. ਇਹ ਸੱਚ ਹੈ ਕਿ ਹਰੀ ਕਿਰਪਾ ਨਾਲ ਹੀ ਪਾਈਦਾ ਹੈ ਪਰ ਇਹ ਬੀ ਸੱਚ ਹੈ ਕਿ ਗੁਰੂ ਦੇ ਸੱਚੇ ਸ਼ਬਦ (ਉਪਦੇਸ਼) ਦੁਆਰਾ ਤੇ ਉਸਦੀ ਵੀਚਾਰ ਦੁਆਰਾ ਪਾਈਦਾ ਹੈ।

{ਸੰ. ਪੋ. ਭਾਗ-੧ ਪੰ: ੪੦੫}

263. ਸਾਡਾ ਆਵਾਗਵਨ ਨਾਮ-ਵਿਸਾਰੇ ਕਰਕੇ ਹੈ, ਇਸ ਨੂੰ ਲੱਗੋ ਤੇ ਨਦਰ ਲਈ ਅਰਦਾਸ ਕਰੋ, ਉਸਦੇ ਮੂਹਰੇ ਆਪਣੇ ਪਾਪਾਂ ਦਾ ਇਕਰਾਰ ਕਰੋ। ਉਹ ਸਭ ਕੁਛ ਜੋ ਅਸੀਂ ਕਰਦੇ ਹਾਂ ਵੇਖਦਾ ਹੈ, ਜੋ ਬੋਲਦੇ ਹਾਂ, ਸੁਣਦਾ ਹੈ, ਜੋ ਸੋਚਦੇ ਹਾਂ ਜਾਣਦਾ ਹੈ, ਉਸ ਅੱਗੇ ਮੁੱਕਰਨਾ ਨਿਸਫ਼ਲ ਹੈ। ਉਸ ਅੱਗੇ ਇਕਰਾਰ ਪਾਪਾਂ ਦਾ ਕਰੋ ਤੇ ਭੁੱਲ ਬਖਸ਼ਾਉ, ਫੇਰ ਮੇਹਰ ਹੁੰਦੀ ਹੈ।

{ਸੰ. ਪੋ. ਭਾਗ-੧ ਪੰ: ੪੧੪}

264. ਗੁਰੂ ਕੇ ਭਾਣੇ ਵਿਚ ਟੁਰਨ ਕਰਕੇ ਗੁਰੂ ਦਾ ਸਫ਼ਲ ਸਤਿਸੰਗ ਪ੍ਰਾਪਤ ਹੁੰਦਾ ਹੈ। ਭਾਣੇ ਵਿਚ ਉਹ ਟੁਰੇਗਾ ਜੋ ਨਿਸ਼ਚੇ ਵਿਚ ਆਇਆ ਹੈ ਕਿ ਇਹ ਗੁਰੂ ਹੈ।

{ਸੰ. ਪੋ. ਭਾਗ-੧ ਪੰ: ੪੩੯}

265. ਜਦੋਂ ਚਿਤ-ਬ੍ਰਿਤੀ ਦਾਤਾਂ ਦੇ ਪਿਆਰ ਤੋਂ ਉੱਠਕੇ 'ਦਾਤਾ' ਦੇ ਵਿਚ ਚਲੀ ਜਾਂਦੀ ਹੈ ਤਾਂ ਦਾਤਾ ਦਾ ਭਾਣਾ ਚੰਗਾ ਲੱਗਦਾ ਹੈ।

{ਸੰ. ਪੋ. ਭਾਗ-੧ ਪੰ: ੧੨੨}

 www.sikhbookclub.com

266. ਭਾਣੇ ਤੇ ਸਾਂਗੋਪਾਂਗ ਅੱਪੜਨ ਲਈ ਉਹ ਇਕ ਹੋਰ ਦਾਤ ਦੇਂਦਾ ਹੈ, ਉਹ ਹੈ 'ਸਿਫ਼ਤਿ ਸਾਲਾਹ'। ਉਹ ਬੰਦੇ ਨੂੰ ਭਗਤ ਬਣਾ ਦੇਂਦੀ ਹੈ। {ਸੰ. ਪੋ. ਭਾਗ-੧ ਪੰ: ੧੨੩}

267. 'ਸਿਫ਼ਤ ਸਾਲਾਹ'....... ਨਾਮ ਦਾ ਹੀ ਇਕ ਰੂਪ ਹੈ।
{ਸੰ. ਪੋ. ਭਾਗ-੧ ਪੰ: ੧੨੩}

268. ਵਾਹਿਗੁਰੂ ਨੂੰ ਹਾਜ਼ਰ ਨਾਜ਼ਰ ਸਮਝਣਾ ਇਹ 'ਨਾਮ ਪ੍ਰਯਤਨ' ਹੈ। ਉਸ ਨੂੰ ਹਾਜ਼ਰਾ ਹਜ਼ੂਰ ਸਮਝਕੇ ਉਸ ਦੇ ਗੁਣਾਨੁਵਾਦ ਕਰਨੇ, ਕੀਰਤੀ ਵਿਚ ਰਹਿਣਾ, ਇਹ 'ਸਿਫ਼ਤ ਸਲਾਹੀ ਪ੍ਰਯਤਨ' ਹੈ।
{ਸੰ. ਪੋ. ਭਾਗ-੧ ਪੰ: ੧੨੩}

269. ਨਾਮ ਦਾ ਰਸ ਸਭ ਰਸਾਂ ਤੋਂ ਬਹੁਤ ਸ੍ਰੇਸ਼ਟ ਹੈ ਕਿਉਂਕਿ ਉਹ ਜੀਵ ਨੂੰ ਅਮਰ ਕਰ ਦੇਂਦਾ ਹੈ, ਜਨਮ ਮਰਨ ਕੱਟ ਦੇਂਦਾ ਹੈ। ਜੋ ਅਮਰ ਕਰੇ ਸੋ ਅੰਮ੍ਰਿਤ। ਇਸ ਲਈ ਇਹ ਰਸ ਅੰਮ੍ਰਿਤ ਰਸ ਹੈ।
{ਸੰ. ਪੋ. ਭਾਗ-੧ ਪੰ: ੪੪੪}

270. ਵਾਹਿਗੁਰੂ ਤੋਂ ਭੁਲਾਵਣ ਵਾਲੇ ਧੰਦੇ ਦਿਲ ਦੇ ਮਾਲਕ ਨਾ ਬਣਾਓ। ਯਾਦ ਰਖਣੇ ਯੋਗ ਵਾਹਿਗੁਰੂ ਹੈ ਤੇ ਭੁਲਾਵਣੇ ਜੋਗ ਸਾਰਾ ਧੰਦਾ ਤੇ ਸਾਰੀਆਂ ਗੱਲਾਂ ਤੇ ਸਾਰੀਆਂ ਆਸਾਂ, ਤ੍ਰਿਸ਼ਨਾਂ, ਤੇ ਲੋੜਾਂ ਹਨ। ਫਲ:-ਅੱਗੇ ਜਾਕੇ ਸ਼ੁਭ ਟਿਕਾਣਾ ਮਿਲਣਾ।
{ਸੰ. ਪੋ. ਭਾਗ-੧ ਪੰ: ੪੬੧}

271. ਵਾਹਿਗੁਰੂ ਦੀ ਯਾਦ ਵਾਲੇ ਨੂੰ ਦੁਖ ਤੇ ਭੁਖ ਨਹੀਂ ਵਿਆਪਣਗੇ, ਉਸ ਦੀਆਂ ਮਨਸ਼ਾਂ ਪੂਰਨ ਹੋਣਗੀਆਂ।
{ਸੰ. ਪੋ. ਭਾਗ-੧ ਪੰ: ੪੬੧}

272. ਜਦ ਨਾਮ ਜਪਦਿਆਂ, ਰੱਬ ਯਾਦ ਰਖਦਿਆਂ, ਬ੍ਰਹਮੰਡ ਦਾ ਸਭੋ ਕੁਛ ਤੇ ਇਸਦੇ ਚੱਲਣ ਦੀ ਮ੍ਰਿਯਾਦਾ ਬੀ ਸਾਰੀ ਉਸੇ ਦੀ ਦਿਸੇ ਤਾਂ ਨਿਸ਼ਚੇ ਜਾਣੋ ਅੰਦਰ ਵਾਹਿਗੁਰੂ ਟਿਕ ਗਿਆ, ਚਿਤ ਇਸ ਸੱਚ ਦੀ ਧੁਰ ਟੇਕ ਤੇ ਟਿਕ ਗਿਆ। {ਸੰ. ਪੋ. ਭਾਗ-੧ ਪੰ: ੪੬੧}

273. ਜਦੋਂ ਨਾਮ ਧਿਆਇਨ ਦੀ ਮੁਸ਼ੱਕਤ ਘਾਲੀ ਜਾ ਚੁਕੀਦੀ ਹੈ, ਤਦੋਂ **'ਨਾਨਕ ਨਦਰੀ ਨਦਰਿ ਨਿਹਾਲ'** ਹੋਈਦਾ ਹੈ।
{ਸੰ. ਪੋ. ਭਾਗ-੧ ਪੰ: ੧੫੮}

274. ਨਾਮ ਧਿਆਉਣ ਵਾਲਾ ਏਥੇ ਸੁਖੀ ਅੱਗੇ ਸੁਰਖ਼ਰੂ ਹੁੰਦਾ ਹੈ। ਨਾਮ ਦੀ ਪ੍ਰਾਪਤੀ ਗੁਰੂ ਤੋਂ ਹੁੰਦੀ ਹੈ, ਗੁਰੂ ਸਤਿਸੰਗ ਵਿਚ ਵਸਦਾ ਹੈ ਵਾਹਿਗੁਰੂ ਦਾ ਨਵਾਸ ਸਤਿਸੰਗ ਵਿਚ ਹੁੰਦਾ ਹੈ, ਸੰਤਾਂ ਦਾ ਹਿਰਦਾ ਉਸਦਾ ਘਰ ਹੈ, ਨਾਮ ਉਥੋਂ ਲੱਭਦਾ ਹੈ।
{ਸੰ. ਪੋ. ਭਾਗ-੧ ਪੰ: ੪੬੮}

275. ਨਾਮ ਹਉਮੈਂ ਛੱਡਿਆਂ ਗੁਰੂ ਕੀ ਸ਼ਰਣ ਗਿਆਂ ਮਿਲਦਾ ਹੈ। ਇਹ ਤਾਂ ਉਦਮ ਹੈ ਜੀਵ ਦਾ, ਇਨਾਂ ਕਾਫ਼ੀ ਨਹੀਂ, ਇਸਦੇ ਨਾਲ ਰੱਬ ਜੀ ਦੀ ਮੇਹਰ ਲੋੜੀਂਦੀ ਹੈ। ਉਹ ਮੇਹਰ ਕਰੇ ਤਾਂ ਉੱਦਮ ਕਰਨ ਵਾਲੇ ਜਗਯਾਸੂ ਨੂੰ ਪ੍ਰਾਪਤੀ ਹੁੰਦੀ ਹੈ।
{ਸੰ. ਪੋ. ਭਾਗ-੧ ਪੰ: ੪੬੮}

276. ਸਹਿਜ ਧਿਆਨੀ ਉਹ ਪੁਰਖ ਹੈ ਜਿਸਦਾ ਧਿਆਨ ਨਿਰਯਤਨ ਆਪਣੇ ਆਪ ਵਾਹਿਗੁਰੂ ਦੇ ਵੱਲ ਲੱਗਾ ਰਹੇ। ਜਿਵੇਂ ਮੁਰਦਾ ਤਾਰੀ ਤਰਨ ਵਾਲਾ ਬਿਨਾ ਹੱਥ ਪੈਰ ਹਿਲਾਏ ਤਰਦਾ ਜਾਂਦਾ ਹੈ, ਡੁਬਦਾ ਨਹੀਂ। ਪਰ ਇਹ ਸਹਜ ਧਿਆਨ ਦੀ ਦਸ਼ਾ ਪਹਿਲੋਂ ਕਿਸੇ ਕੀਤੇ ਯਤਨ ਨਾਲ ਪ੍ਰਾਪਤ ਹੁੰਦੀ ਹੈ।...... ਉਹ ਪਹਿਲਾ ਯਤਨ ਇਹ ਹੈ: ਪੂਰਾ ਗੁਰੂ ਮਿਲੇ, ਉਸ ਤੋਂ ਨਾਮ ਪ੍ਰਾਪਤ ਹੋਵੇ, ਨਾਮ ਦਾ ਅਭਯਾਸ ਐਸਾ ਹੋ ਜਾਏ ਕਿ ਅਪਣੇ ਆਪ ਨੂੰ ਸਦਾ ਵਾਹਿਗੁਰੂ ਦੀ ਸ਼ਰਣ ਪ੍ਰਾਪਤ ਸਮਝੇ। ਨਾਲ ਸਤਿਸੰਗ ਦਾ ਆਸਰਾ ਰੱਖੇ।
{ਸੰ. ਪੋ. ਭਾਗ-੧ ਪੰ: ੪੭੫}

277. ਨਿਰਮਲ ਭੈ ਪ੍ਰੇਮ ਦੀ ਹੀ ਸੂਰਤ ਹੁੰਦੀ ਹੈ, ਜਿਸ ਨਾਲ ਕਿ (ਜਗਯਾਸੂ) ਸਾਂਈਂ ਨਾਲ ਰਚਿਆ ਰਹੇਗਾ। ਜਿਵੇਂ 'ਨਾਮ' ਸਾਂਈਂ ਨਾਲ ਲਿਵ ਵਿਚ ਰਖਦਾ ਹੈ ਤਿਵੇਂ...... 'ਭੈ' ਨਾਲ ਬੀ ਮਨ ਸਾਂਈਂ

ਦੀ ਲਿਵ ਵਿਚ ਰਹਿੰਦਾ ਹੈ। ਭੈ ਵਾਲੇ ਦੀ ਚਿਤ ਬ੍ਰਿਤੀ ਫੇਰ ਹੋਰ ਪਾਸੀਂ ਨਹੀਂ ਜਾਂਦੀ। {ਸੰ. ਪੋ. ਭਾਗ-੩ ਪੰ: ੧੪੦੦}

278. ਸ਼ਬਦ ਦੁਆਰਾ ਜੋ ਆਪਾ ਭਾਵ ਤੋਂ ਮਰ ਗਿਆ ਉਹ ਨਿਜ ਸਰੂਪ ਵਿਚ ਟਿਕ ਗਿਆ, ਉਹ ਫਿਰ ਮਰਦ ਜੰਮਦਾ ਨਹੀਂ ਕਿਉਂਕਿ ਮਰਨ ਜੰਮਣ ਵਿਚ ਫੇਰਨ ਵਾਲੀ ਉਸ ਦੀ 'ਆਸਾ' ਹੀ ਮਰ ਜਾਂਦੀ ਹੈ ਤੇ ਜੀਉਂਦੇ ਜੀ ਉਸ ਨੂੰ ਖੇੜਾ ਪ੍ਰਾਪਤ ਰਹਿੰਦਾ ਹੈ, ਕਿਉਂਕਿ ਗੁਰੂ ਦੇ ਸ਼ਬਦ ਦੁਆਰਾ ਉਸ ਦਾ ਹਿਰਦਾ ਕਮਲ ਖਿੜ ਗਿਆ ਹੁੰਦਾ ਹੈ।
{ਸੰ. ਪੋ. ਭਾਗ-੩ ਪੰ: ੧੪੦੫}

279. ਭਗਤ ਜਨ ਮਨ ਨਾਲ ਸੇਵਾ ਕਰਦੇ ਹਨ, ਉਹ ਮਾਨਸਿਕ ਸੇਵਾ ਕਹੀਦੀ ਹੈ। ਮਨ ਨਾਲ ਜੋ ਸਿਮਰਨ ਕਰਦੇ ਹਨ ਉਹ ਬੀ ਸੇਵਾ ਹੀ ਕਹੀਦੀ ਹੈ।
{ਸੰ. ਪੋ. ਭਾਗ-੩ ਪੰ: ੧੪੦੭ ਫੁਟ ਨੋਟ}

280. ਨਾਮ ਨਾ ਵਿਸਾਰ, ਮਤ ਮਾਰੀ ਜਾਏਗੀ ਤੇ ਪਤਿ ਨਹੀਂ ਰਹੇਗੀ। ਕਾਮ ਤੇਰੀ ਮਤ ਮਾਰੇਗਾ ਤੇ ਕ੍ਰੋਧ ਤੇਰੀ ਪਤ ਨੂੰ ਖਾ ਜਾਏਗਾ। ਨਾਮ ਨਾਲ ਦੁਇ ਸਲਾਮਤ ਰਹਿਣਗੇ।
{ਸੰ. ਪੋ. ਭਾਗ-੩ ਪੰ: ੧੪੨੧}

281. ਦਰਗਾਹ ਦੀ ਪਤਿ ਤੇ ਸੰਸਾਰ ਦਾ ਸੁਖ ਸ਼ਰਣ ਵਿਚ ਪ੍ਰਾਪਤ ਪ੍ਰਤੀਤ ਕਰਦੇ ਰਹਿਣ ਤੇ ਲਗਾਤਾਰ ਜਪਦੇ ਰਹਿਣ ਵਿਚ ਹੁੰਦਾ ਹੈ।
{ਸੰ. ਪੋ. ਭਾਗ-੩ ਪੰ: ੧੪੨੪}

282. ਹਉਂ ਹਉਂ ਕਰਦਿਆਂ ਸੱਚ ਨਹੀਂ ਮਿਲਦਾ ਕਿਉਂਕਿ ਹਉਮੈ ਸੱਤ ਵਸਤੂ ਹੈ ਨਹੀਂ, ਉਹ ਸਤਜ ਸਰੂਪ ਨੂੰ ਪ੍ਰਾਪਤ ਨਹੀਂ ਹੋਣ ਦੇਂਦੀ। ਇਸਦੇ ਦੂਰ ਹੋਇਆਂ ਹੀ ਪਰਮ ਪਦ ਪ੍ਰਾਪਤ ਹੁੰਦਾ ਹੈ। ਪਰਮ ਪਦ ਹੈ ਵਾਹਿਗੁਰੂ ਜੀ ਵਿਚ ਅੱਪੜ ਪੈਣਾ, ਉਸ ਤੋਂ ਅਗੇ ਹੋਰ ਕੋਈ ਪਦ ਨਹੀਂ ਹੈ।
{ਸੰ. ਪੋ. ਭਾਗ-੩ ਪੰ: ੧੪੨੬}

283. ਗੁਰਮੁਖ ਜੋ ਨਾਮ ਤੇ ਹਰਿ ਜਸ ਵਿਚ ਰਹਿੰਦਾ ਹੈ, ਉਹ ਪਰਮੇਸ਼ੁਰ ਦਾ ਭਜਨ ਸਹਿਜ ਵਿਚ ਕਰਦਾ ਹੈ, ਹਠ ਤੇ ਹੋਰ ਪ੍ਰੇਮ ਹੀਣ ਸਾਧਨ ਨਹੀਂ ਕਰਦਾ।

{ਸੰ. ਪੋ. ਭਾਗ-੩ ਪੰ: ੧੪੩੪}

284. ਜੀਵ ਦਾ ਜੋ ਨਿਜ ਘਰ ਹੈ, ਅਰਥਾਤ ਦੇਹ ਤੇ ਮਨ ਆਦਿ ਤੋਂ ਵੱਖਰਾ ਅਪਨਾ ਨਿਜ ਸਰੂਪ ਹੈ, ਉਸ ਦੇ ਵਿਚ ਹੀ ਪਾਰ ਰਹਿਤ ਪ੍ਰਭੂ ਦਾ ਮਹਲ ਹੈ, ਭਾਵ ਉਸਦਾ ਸਰੂਪ ਉਸ ਨਿਜ ਸਰੂਪ ਦੇ ਵਿਚ ਹੀ ਹੈ।

{ਸੰ. ਪੋ. ਭਾਗ-੩ ਪੰ: ੧੪੪੩}

285. ਸੁਣ ਲੈਣਾ ਹੋਰ ਗਲ ਹੈ, ਅਨੁਭਵ ਹੋਰ ਗਲ ਹੈ। ਉਥੇ ਜੇ ਚਾਹੁੰਦੇ ਹੋ ਕਿ ਤੁਸੀਂ (ਉਪਰ ਕਹੇ) ਅਪਾਰ ਦੇ ਮਹਲ ਵਿਚ ਟਿਕ ਜਾਉ, ਭਾਵ ਸਦਾ ਦਾ ਮੇਲ ਹੋ ਜਾਵੇ ਤਾਂ ਸ਼ਬਦ ਦੀ ਕਮਾਈ ਕਰੋ।

{ਸੰ. ਪੋ. ਭਾਗ-੩ ਪੰ: ੧੪੪੩}

286. **'ਦੇ ਲੰਮੀ ਨਦਰਿ ਨਿਹਾਲੀਐ'** ਦਾ ਉਪਦੇਸ਼ ਹੈ ਕਿ ਹੇ ਜੀਵ ਜ਼ਰਾ ਦੂਰ ਦੀ ਸੋਚ ਕਿ ਜਗਤ ਵਿਚੋਂ ਜੀਵ ਕੀਹ ਕੁਛ ਪੱਲੇ ਬਨ੍ਹ ਲਿਜਾਂਦਾ ਹੈ, ਸਭ ਕੁਛ ਛੱਡਕੇ ਦੋਇ ਹੱਥ ਝਾੜ ਕੇ ਉਠ ਟੁਰਦਾ ਹੈ। ਫੇਰ ਜਦ ਆਸਾ ਬੱਧਾ ਮੁੜ ਆਉਂਦਾ ਹੈ ਤਾਂ ਓਥੋਂ ਕੀਹ ਲੈਕੇ ਆਉਂਦਾ ਹੈ? ਖਾਲੀ ਹੱਥ ਜੰਮਦਾ ਹੈ। ਪੱਲੇ ਕੀਹ ਪਿਆ? ਆਉਣ ਜਾਣ ਦੇ ਕਾਲ ਚੱਕ੍ਰ ਹੇਠ ਘੁੱਮਦੇ ਰਹਿਣ ਦਾ ਦੁਖ। ਮਾਨੋ ਜਮ ਦਾ ਜਾਲ ਵਿਛ ਰਿਹਾ ਹੈ ਜਿਸ ਵਿਚ ਫਾਥੇ ਜੀਵ ਫੜਕ ਫੜਕ ਮਰ ਰਹੇ ਹਨ।

{ਸੰ. ਪੋ. ਭਾਗ-੩ ਪੰ: ੧੪੪੩}

287. ਨਾ ਬਾਹਰ ਢੂੰਡਣ ਦੀ ਲੋੜ ਹੈ ਨਾ ਹਠ ਧਾਰਨ ਦੀ ਜ਼ਰੂਰਤ ਹੈ। ਜੀਵ ਦੇ ਅੰਦਰ ਹੀ ਸ਼ਬਦ ਰੂਪੀ ਖ਼ਜ਼ਾਨਾ ਹੈ, ਭਾਵ ਵਾਹਿਗੁਰੂ ਅੰਦਰ ਵਿਦਮਾਨ ਹੈ। ਜੇ ਗੁਰਮਤ ਨਾਮ ਦੁਆਰਾ ਹਉਮੈ ਨੂੰ ਕੱਟ ਲਈਏ ਤਾਂ ਉਸ ਅੰਦਰ ਬੈਠੇ ਨੂੰ ਸੁਖੈਨ ਹੀ ਮਿਲ ਪਈਦਾ ਹੈ।

{ਸੰ. ਪੋ. ਭਾਗ-੩ ਪੰ: ੧੪੪੪}

 www.sikhbookclub.com

288. ਗੁਰੂ ਦੇ ਉਪਦੇਸ਼ ਬਿਨਾਂ ਅਗਜਾਨ ਦੇ ਛੌੜ ਨਹੀਂ ਕੱਟੇ ਜਾਂਦੇ। ਕਰਮ, ਚਾਹੇ ਕਰਮ ਕਾਂਡ ਦੇ ਹੋਣ, ਚਾਹੇ ਨਿਰੇ ਸ਼ੁਭ ਕਰਮ ਹੋਣ ਓਹ ਅਗਯਾਨ ਨੂੰ ਨਹੀਂ ਕੱਟ ਸਕਦੇ।
{ਸੰ. ਪੋ. ਭਾਗ-੩ ਪੰ: ੧੪੪੭}

289. ਮਨ ਅਪਵਿਤ੍ਰ ਹੈ, ਜਦ ਉਹ ਮੋਹ ਵਿਚ ਹੈ। ਤੁਸਾਡਾ ਹਰ ਖਿਆਲ, ਹਰ ਫੇਅਲ (ਕਰਮ) ਅਪਵਿਤ੍ਰ ਹੈ, ਜਿਸ ਵਿਚ ਕੋਈ ਨਾ ਕੋਈ ਸੂਰਤ ਮੋਹ ਦੀ ਹੋਵੇ। ਮੋਹ ਦਾ ਭਾਵ ਪ੍ਰੇਮ ਨਹੀਂ, ਪਰ ਉਹ ਖਿਚ ਜੋ ਭੁਲੇਵੇਂ ਵਿਚ ਪਿਆਂ ਮਾਇਕ ਹਨੇਰੇ ਵਿਚ ਮਨ ਨੂੰ ਗ੍ਰੱਸਦੀ ਹੈ। ਇਹ ਮੋਹ ਦੀ ਖੈਂਚ ਦੂਜੇ ਭਾਵ ਦਾ ਇਕ ਸਰੂਪ ਹੈ। ਜਦ ਜੀਵ ਦੁਐਤ ਭਾਵਨਾ ਵਿਚ ਹੁੰਦਾ ਹੈ ਤਾਂ ਕਿਸੇ ਨਾਲ ਰਾਗ ਕਰਦਾ ਹੈ ਕਿਸੇ ਨਾਲ ਦ੍ਵੈਖ। ਇਹ ਮੋਹ ਮਾਇਆ ਹੈ।
{ਸੰ. ਪੋ. ਭਾਗ-੩ ਪੰ: ੧੪੫੫}

290. ਨਾਮ ਸਾਈਂ ਨਾਲ ਰਾਗੀ ਬਣਾਉਂਦਾ ਹੈ ਤੇ ਮਾਇਆ ਨਾਲ ਵੈਰਾਗੀ। ਸੋ ਨਾਮੀ ਪੁਰਖ ਸਦਾ ਵੈਰਾਗੀ ਹੈ, ਕਿਉਂਕਿ ਉਹ ਸਤਜ ਸਰੂਪ ਵਿਚ ਲਿਵਧਾਰੀ ਹੋ ਜਾਂਦਾ ਹੈ। ਹਾਂ, ਉਹ ਘਰ ਵਿਚ ਵਸਦਾ ਗ੍ਰਿਹਸਤ ਵਿਚ ਰਹਿੰਦਾ, ਲਿਵਧਾਰੀ ਹੈ। ਇਹ ਗਲ ਪ੍ਰਾਪਤ ਹੁੰਦੀ ਹੈ ਗੁਰੂ ਮੇਹਰ ਨਾਲ। ਸੋ ਜੋ ਸਤਿਗੁਰੂ ਦਾ ਸਤਿਕਾਰ ਨਾਲ ਸਤਿਸੰਗ ਕਰਦੇ ਹਨ, ਉਹ ਵਡੇ ਭਾਗਾਂ ਵਾਲੇ ਹਨ।
{ਸੰ. ਪੋ. ਭਾਗ-੩ ਪੰ: ੧੪੬੧}

291. ਗੁਰਮੁਖ ਦੋ ਕੰਮ ਕਰਦਾ ਹੈ, ਇਕ ਤਾਂ ਕਰਤਾ ਪੁਰਖ ਦੇ ਨਾਮ ਵਿਚ ਰੱਤਾ ਰਹਿੰਦਾ ਹੈ, ਦੂਸਰੇ ਉਸਦੇ ਗੁਣ ਗਾਉਂਦਾ ਸਿਫ਼ਤ ਸਲਾਹ ਵਿਚ ਰਹਿੰਦਾ ਹੈ। ਇਸ ਮਾਰਗ ਤੇ ਟੁਰਕੇ ਉਹ 'ਦੂਜਾ ਭਾਵ' ਯਾ ਕਹੋ 'ਦੁਐਤ ਭਾਵ' ਆਪਣਾ ਦੂਰ ਕਰ ਲੈਂਦਾ ਹੈ। ਇਉਂ ਉਹ ਕਾਲ ਤੇ ਬਿਜਈ ਹੋ ਜਾਂਦਾ ਹੈ, ਜਨਮ ਮਰਨ ਹੇਠ ਫੇਰ ਨਹੀਂ ਆਉਂਦਾ।
{ਸੰ. ਪੋ. ਭਾਗ-੩ ਪੰ: ੧੪੬੪}

292. (ਗੁਰਮੁਖ) ਜਦੋਂ ਨਾਮ ਰਸ ਵਿਚ ਪਹੁੰਚ ਪਏ ਤਾਂ ਅਕ੍ਰੈ ਨਾ ਹੋ ਬੈਠੇ, ਨਾਮੀ ਦੇ ਪਜਾਰ ਵਿਚ ਰਹੇ ਉਸ ਦੇ ਗੁਣਾਨੁਵਾਦ ਵਿਚ ਵੱਸੇ। ਦੂਜੀ ਗਲ ਇਹ ਕਰੇ ਕਿ ਇਸ ਰਸਮਈ ਤੇ ਸ਼ੁਕਰ ਭਾਵਨਾ ਵਿਚ ਅਪਣੇ ਨਾਮ ਰਸੀਆ ਹੋਣ ਦਾ ਬੀ ਹੰਕਾਰ ਨਾ ਧਾਰੇ, ਵਾਹਿਗੁਰੂ ਦੇ ਪਿਆਰਿਆਂ ਦੇ ਅੱਗੇ ਨਿਮ੍ਰੀਭੂਤ ਰਹੇ, ਭਾਵ ਸ਼ਰਧਾ ਪ੍ਰੇਮ ਨਾਲ ਵਾਹਿਗੁਰੂ ਪਿਆਰਿਆਂ ਦਾ ਸਤਿਸੰਗ ਕਰੇ। ਤੀਸਰੀ ਗਲ ਇਹ ਕਰੇ: ਘਰ ਬਾਹਰ ਛੱਡ ਕੇ ਬਨਾਂ ਨੂੰ ਨਾ ਉਠ ਦੌੜੇ, ਗ੍ਰਿਹਸਤ ਮਾਰਗ ਵਿਚ ਹੀ ਬੈਠਾ ਰਹੇ ਤੇ ਅਪਣੇ ਕੁਟੰਬ ਕਬੀਲੇ ਬੀ ਨਾ ਛੱਡੇ; ਪਰ ਖਚਿਤ ਹੋ ਕੇ ਨਾ ਰਹੇ, ਉਦਾਸ ਰਹੇ।

{ਸੰ. ਪੋ. ਭਾਗ-੩ ਪੰ: ੧੪੭੮}

293. ਐਸਾ ਗੁਰਮੁਖ (ਜਿਸਦਾ ਜ਼ਿਕਰ ਉਪਰ 292 ਵਿਚ ਆਇਆ ਹੈ) ਜਾਣੋ ਤ੍ਰੈ ਗੁਣਾ ਤੋਂ ਉਪਰ ਉਠਦਾ ਹੈ, ਅਰਥਾਤ ਉਹ ਤੁਰੀਆ ਵਿਚ ਵੱਸਦਾ ਹੈ। ਉਸ ਦਾ ਰੂਪ ਕੀ ਹੈ ? ਉਸਨੂੰ ਵਾਹਿਗੁਰੂ ਪ੍ਰਾਪਤ ਹੁੰਦਾ ਹੈ, ਪਰਮ ਪਦਾਰਥ ਵਾਹਿਗੁਰੂ ਨਾਲ ਵਿਥ ਨਹੀਂ ਰਹਿੰਦੀ। ਉਸਨੂੰ ਜੀਵਨ ਮੁਕਤਿ ਕਹੀਦਾ ਹੈ, ਉਸੇ ਨੂੰ ਗੁਰਮੁਖ।

{ਸੰ. ਪੋ. ਭਾਗ-੩ ਪੰ: ੧੪੭੮}

294. ਗੁਰਮੁਖ ਦਾ ਮਨ ਇਕ-ਰੁਖ਼ਾ ਮੋਹ ਮਾਇਆ ਵਿਚ ਖਚਿਤ ਨਹੀਂ ਹੁੰਦਾ, ਉਹ ਨਾਮ ਨਾਲ ਵਿੱਝਕੇ ਮੋਹ ਮਾਇਆ ਤੋਂ ਵਿੱਥ ਕਰ ਲੈਂਦਾ ਹੈ ਤੇ ਉਸਦੇ ਪ੍ਰੇਮ ਦਾ ਨਿਸ਼ਾਨਾ ਉਹ ਸਤਜ ਸਰੂਪ ਹਰੀ ਹੁੰਦਾ ਹੈ, ਇਸ ਕਰਕੇ ਉਸ ਦੀ ਪ੍ਰੀਤਿ ਤੋਂ ਛੁਟ ਦੂਏ ਨੂੰ ਪਜਾਰ ਨਹੀਂ ਕਰਦਾ। ਮਨ ਤਾਂ ਇਕੋ ਨੂੰ ਪ੍ਰੀਤ ਕਰ ਸਕਦਾ ਹੈ। ਉਹ ਪ੍ਰਭੂ ਪ੍ਰੀਤ ਵਾਲਾ ਮਨ ਅਚਲ ਹੋ ਜਾਂਦਾ ਹੈ, ਮੋਹ ਮਾਇਆ ਨਾਲ ਚਲਾਇਮਾਨ ਨਹੀਂ ਹੁੰਦਾ।

{ਸੰ. ਪੋ. ਭਾਗ-੩ ਪੰ: ੧੪੭੮}

295. ਗ੍ਰਿਹਸਤ ਕੁਟੰਬ ਵਿਚ ਜੋ ਦੁਖ ਸੁਖ, ਹਰਖ ਸ਼ੋਕ, ਕਸ਼ਟ ਵਿਪਤਾ ਵਾਪਰਦੀਆਂ ਹਨ ਉਹ (ਗੁਰਮੁਖ ਨੂੰ) ਚਲਾਇਮਾਨ ਨਹੀਂ ਕਰਦੀਆਂ। ...... ਉਹ ਸਚ ਨੂੰ ਪਛਾਣਦਾ ਹੈ ਤੇ ਉਸ ਸਚ (ਸਤਜ

ਸਰੂਪ) ਦੇ ਹੁਕਮ ਨੂੰ ਪਛਾਣਦਾ ਹੈ ਇਸ ਕਰਕੇ **'ਸੋਗ ਅਗਨਿ ਤਿਸੁ ਜਨ ਨਾ ਬਿਆਪੈ॥'** (ਧਨਾ: ਮ: 5-55)
{ਸੰ. ਪੋ. ਭਾਗ-੩ ਪੰ: ੧੪੭੮}

296. ਗੁਰਮੁਖ ਹੋਏ ਤੇ ਗੁਰਮੁਖਤਾਈ ਦੀ ਚੋਟੀ ਤੇ ਪਹੁੰਚ ਰਹੇ ਗੁਰਸਿਖ ਲਈ ਅਰਦਾਸ ਦੀ ਬੀ ਲੋੜ ਹੈ। (ਗੁਰੂ ਜੀ) ਸਿਖਾਲਦੇ ਹਨ (ਕਿ) ਅਰਦਾਸ ਕਰੇ ਕਿ ਹੇ ਵਾਹਿਗੁਰੂ ਤੂੰ ਕਰਤਾਰ ਹੈਂ, ਮੇਰਾ ਆਦਰਸ਼ ਤੂੰ ਹੀ ਹੈਂ, ਮੈਂ ਤੇਰੀ ਸੇਵਾ ਕਰਾਂ, ਤੇ ਆਪਣੀ ਪਤਿ ਤੇਰੀ ਸੇਵਾ ਵਿਚ ਸਮਝਾਂ! ਪ੍ਰਭੂ ਦੀ ਸੇਵਾ ਦਾ ਭਾਵ ਹੈ ਨਾਮ ਤੇ ਹਰੀ ਕੀਰਤਨ। ਮੈਂ ਤੇਰਾ ਜਸ ਗਾਵਾਂ ਤੇ ਤੇਰੇ ਨਾਮ ਨੂੰ ਅਪਣੇ ਲਈ ਆਤਮ ਚਾਨਣਾ ਸਮਝਾਂ।
{ਸੰ. ਪੋ. ਭਾਗ-੩ ਪੰ: ੧੪੭੮}

297. 'ਕੈਵਲ' ਕਿਸੇ ਦੀ ਜਾਇਦਾਦੀ ਖੇਲ ਨਹੀਂ, ਜਿਸ ਨੂੰ ਗੁਰੂ ਦੀ ਬਾਣੀ, ਗੁਰੂ ਦਾ ਉਪਦੇਸ਼ ਪਿਆਰਾ ਲਗ ਜਾਵੇ ਤੇ ਓਹ ਨਾਮ ਤੇ ਹਰੀ ਕੀਰਤਨ ਵਾਲਾ ਜੀਵਨ ਬਣਾ ਲਏ, ਚਾਹੋ ਕੋਈ ਹੋਵੇ ਊਚ ਕਿ ਨੀਚ, ਪੜ੍ਹਿਆ ਕਿ ਅਨਪੜ੍ਹ, ਉਸਦਾ ਅੰਦਰ ਖਿੜੇਗਾ, ਲਿਵ ਲਗੀ ਰਹੇਗੀ, ਮੇਹਰ ਨਾਲ ਸਤਜ ਸਰੂਪ ਨੂੰ ਪੁੱਜ ਪਏਗਾ, ਤੱਦ ਖੁਸ਼ ਹੋਏਗਾ ਕਿ ਧੰਨ ਗੁਰੂ ਹੈ ਜਿਸਦੇ ਉਪਦੇਸ਼ ਤੇ ਟੁਰਨ ਕਰਕੇ ਇਥੇ ਪੁਜ ਗਿਆ ਹਾਂ।
{ਸੰ. ਪੋ. ਭਾਗ-੩ ਪੰ: ੧੪੭੮-੭੯}

298. ਹਉਂ ਨਵਿਰਤੀ ਵਾਲੀ ਸੇਵਾ ਕਰਦਿਆਂ ਹਰ ਜੀਉ ਦਾ ਨਾਮ ਹਿਰਦੇ ਵਿਚ ਵਸਾਈ ਰਖੀਏ। ਇਹ ਸਾਡੇ ਸਿਰ ਤੇ ਇਕ ਫਰਜ਼ ਹੈ ਕਿ ਜਿਸ ਪ੍ਰਭੂ ਨੇ ਦੇਹ ਤੇ ਜਿੰਦ ਦਿੱਤੀ ਹੈ ਉਸ ਤੋਂ ਵਿਥ ਨਾ ਕਰੀਏ, ਓਸ ਨਾਲ ਲਗੇ ਰਹੀਏ, ਜੋ ਨਾਮ ਦੁਆਰਾ ਹੁੰਦਾ ਹੈ।
{ਸੰ. ਪੋ. ਭਾਗ-੩ ਪੰ: ੧੪੮੫}

299. (ਬੇਮੁਖ ਲੋਕ) ਆਵਾਗਵਨ ਵਿਚ ਰਹਿੰਦੇ ਹਨ। ਕੋਈ ਟਿਕਾਣਾ, ਨਾ ਹੇਠਾਂ ਨਾ ਉਪਰ, ਉਹਨਾਂ ਨੂੰ ਲੱਭਦਾ ਹੈ। ਜਦ ਜਨਮ ਲੈਂਦੇ ਹਨ ਤਦ ਭੀ ਭਟਕਦੇ ਹਨ, ਜਦ ਮਰ ਜਾਂਦੇ ਹਨ ਤਦ ਬੀ

 www.sikhbookclub.com

ਭਟਕਣਾ ਵਿਚ ਰਹਿੰਦੇ ਹਨ ਤੇ ਉਹਨਾਂ ਦੀ ਮਨ ਅਵਸਥਾ ਮੈਲੀ ਤੇ ਗੰਦੀ ਹੁੰਦੀ ਹੈ। ਕਿਉਂਕਿ ਉਹਨਾਂ ਨੇ ਉੱਜਲਤਾ ਦੇ ਮਾਰਗ ਨੂੰ ਛੱਡ ਕੇ ਭੋਗਾਂ ਤੇ ਪਾਪਾਂ ਦਾ ਮਾਰਗ ਫੜਿਆ ਸੀ। ਸੋ ਮੈਲ ਹੀ ਮੈਲ ਉਹਨਾਂ ਦੇ ਮਨ ਦੁਆਲੇ ਕੱਠੀ ਹੋ ਗਈ ਸੀ, ਜੋ ਮਨ ਨੂੰ ਗੰਦਿਆਂ ਰਖੀਦੀ ਹੈ।

{ਸੰ. ਪੋ. ਭਾਗ-੩ ਪੰ: ੧੪੮੫}

300. ਬੇਮੁਖਤਾਈ ਆਦਿ ਵਿਘਨ ਕਿਉਂ ਆ ਗ੍ਰਸਦੇ ਹਨ? ਮੋਹ ਹੈ ਕਾਰਣ ਸਾਰੇ ਗਿਰਾਉ ਦਾ, ਇਹ ਇਕ ਤਰ੍ਹਾਂ ਦੀ ਠਗ ਬੂਟੀ ਹੈ ਜਿਸਦੇ ਨਸ਼ੇ ਵਿਚ ਜੀ ਭਰਮ ਵਿਚ ਪੈਕੇ ਭੁੱਲਾਂ ਕਰਦਾ ਹੈ।..... (ਇਸ ਤੋਂ ਬਚਨ ਦਾ) ਦਾਰੂ ਸਤਿਗੁਰੂ ਦੀ ਸ਼ਰਣ ਹੈ। ਸ਼ਰਣ ਪ੍ਰਾਪਤ ਹੋਕੇ ਸਨਮੁਖ ਰਹੋ, ਫੇਰ ਮਾਇਆ, ਜੋ ਮੋਹ ਦੀ ਠਗਮੂਰੀ ਪਾਉਂਦੀ ਹੈ, ਤੁਹਾਡ਼ੇ ਨੇੜੇ ਨਹੀਂ ਢੁੱਕੇਗੀ।

{ਸੰ. ਪੋ. ਭਾਗ-੩ ਪੰ: ੧੪੮੫}

301. ਸਤਿਗੁਰੂ ਦੀ ਸੇਵਾ ਨਾਲ ਮਾਇਆ ਨੇੜੇ ਨਹੀਂ ਆਉਂਦੀ। ਸਤਿਗੁਰ ਦੀ ਸੇਵਾ ਵਾਲਿਆਂ ਦੀ ਹਉਮੈਂ ਮੈਲ ਦੂਰ ਹੋ ਜਾਂਦੀ ਹੈ, ਓਹ ਆਤਮ ਸੁੰਦਰਤਾ ਵਿਚ ਚਮਕ ਉਠਦੇ ਹਨ। ਸਤਿਗੁਰੂ ਦੇ ਉਪਦੇਸ਼ ਨਾਲ, ਜਿਸ ਵਿਚ ਨਾਮ ਤੇ ਗੁਣ ਗਾਇਨ ਮੁੱਖ ਹੁੰਦਾ ਹੈ, ਸਾਰੀਆਂ ਮੈਲਾਂ ਦੂਰ ਹੋਕੇ ਨਿਰਮਲਤਾ (ਪਵਿੱਤ੍ਰਤਾ) ਆ ਜਾਂਦੀ ਹੈ।

{ਸੰ. ਪੋ. ਭਾਗ-੩ ਪੰ: ੧੪੮੬}

302. ਹਉਂ ਦੀ ਮੈਲ ਤਾਂ ਹਰੀ ਦੀ ਲਿਵ ਨੇ ਕੱਟ ਦੇਣੀ ਹੈ, ਪਰ ਤੂੰ ਨਾਲ ਅਮਲ ਬੀ ਚੰਗੇ ਕਰ, ਕਿਉਂਕਿ ਪਾਖੰਡ ਤੇ ਭਰਮ ਦੇ ਜੋ ਕਰਮ ਹਨ ਉਹ ਹੋਰ ਮੈਲ ਪਾਈ ਜਾਂਦੇ ਹਨ, ਇਹ ਮੈਲ ਬੀ ਦੂਰ ਕਰ ਤੇ ਹੋਰ ਨਾ ਸਹੇੜ। ਇਸਦਾ ਦਾਰੂ ਬੀ ਗੁਰੂ ਤੇ ਸਤਿਸੰਗ ਹੈ।..... ਭਾਵ ਹੈ ਕਿ ਸਿਮਰਨ ਕਰ, ਲਿਵ ਲਾ, ਨਾਲ ਸਤਿਸੰਗ ਬੀ ਕਰ। ਸਤਿ ਪੁਰਖਾਂ ਦੇ ਸਤਿਸੰਗ ਵਿਚ ਪਾਪ ਦੂਰ ਹੁੰਦੇ ਹਨ। ਉਨ੍ਹਾਂ ਦੇ ਭੈ ਤੇ ਪ੍ਰਭਾਵ ਨਾਲ ਮਾੜੇ ਕਰਮਾਂ ਤੋਂ ਰੁਚੀ ਮੋੜਾ ਖਾ ਜਾਂਦੀ ਹੈ।

{ਸੰ. ਪੋ. ਭਾਗ-੩ ਪੰ: ੧੪੯੦}

 www.sikhbookclub.com

303. ਖਬਰਦਾਰ, ਬਾਹਰ ਨਾ ਟੱਕਰਾਂ ਮਾਰਦਾ ਫਿਰੀਂ, ਜਿਵੇਂ ਬਨਬਾਸੀ ਫਿਰ ਫਿਰਕੇ ਥੱਕੇ ਤੇਰੇ ਪੱਲੇ ਬੀ ਥਕਾਨ ਪਊ। ਪੂਰਾ ਗੁਰੂ ਦਾਰੂ ਹਈ, ਜਿਸਦੇ ਮਿਲ ਪਿਆਂ ਵਾਹਿਗੁਰੂ ਸੱਜਣ ਅਪਣੇ ਨਾਲ ਅੰਗ ਸੰਗ ਦਿੱਸ ਪੈਂਦਾ ਤੇ ਪ੍ਰਾਪਤ ਹੋ ਜਾਂਦਾ ਹੈ।

{ਸੰ. ਪੋ. ਭਾਗ-੩ ਪੰ: ੧੪੯੫}

304. ਜਦੋਂ ਜੀਵ ਸਾਕਾਂ ਸਨਬੰਧੀਆਂ ਦੇ ਮੋਹ ਵਿਚ ਖਚਿਤ ਰਹਿੰਦਾ ਹੈ ਤਾਂ ਉਹ ਮੋਹ ਦੀ ਖਿੱਚ, ਜਿਨ੍ਹਾਂ ਨਾਲ ਮੋਹ ਹੈ, ਉਹਨਾਂ ਪਾਸ ਹੀ ਲੈ ਜਾਏਗੀ। ਓਹ ਆਵਾਗਵਨ ਵਿਚ ਹਨ, ਇਹ ਬੀ ਮਗਰੇ ਧੂਹਿਆ ਫਿਰੇਗਾ। ਜਦੋਂ ਮੋਹ ਮਾਇਆ ਦਾ ਭਰਮ ਦੂਰ ਹੋ ਜਾਏਗਾ, ਤਦੋਂ ਜੋ ਸੱਦਾ ਸਤਜ ਸਰੂਪ ਪਰਮਾਤਮਾ ਹੈ ਉਸ ਦੇ ਤੇ ਇਸ ਦੇ ਅਪਣੇ ਵਿਚ ਦੀ ਵਿਥ ਮਿਟ ਜਾਏਗੀ, ਇਹ ਪਾਰਬ੍ਰਹਮ ਨਾਲ ਮਿਲ ਜਾਏਗਾ, ਤੇ ਤਦਰੂਪ ਹੋ ਜਾਏਗਾ।

{ਸੰ. ਪੋ. ਭਾਗ-੩ ਪੰ: ੧੪੯੯}

305. ਇਹ ਦੇਹ ਬੜੀ ਕੀਮਤੀ ਸ਼ੈ ਹੈ, ਇਹ ਭੋਗਾਂ ਲਈ ਤੇ ਧੰਨ ਕੱਠੇ ਕਰਕੇ ਛੱਡ ਜਾਣ ਲਈ ਨਹੀਂ ਹੈ। ਇਹ ਦੇਹੀ ਤਾਂ ਇਤਨੀ ਅਮੋਲਕ ਹੈ ਕਿ **'ਇਸ ਦੇਹੀ ਕਉ ਸਿਮਰਹਿ ਦੇਵ। ਸੋ ਦੇਹੀ ਭਜੁ ਹਰਿ ਕੀ ਸੇਵ'।** (ਗਉ: ਕਬੀ-9)

{ਸੰ. ਪੋ. -੩ ਪੰ: ੧੫੦੦}

306. ਨਾਮ ਵਿਚ ਲਗਨ ਦਾ ਅਸਰ ਇਹ ਹੁੰਦਾ ਹੈ ਕਿ ਈਸ਼੍ਰਰ ਦੀ ਯਾਦ ਮਨ ਤਨ ਵਿਚ ਵਜਾਪ ਜਾਂਦੀ ਹੈ। ਰਵ ਜਾਣਾ ਯਾ ਰਮ ਜਾਣਾ ਹੈ ਭਰਪੂਰ ਹੋ ਜਾਣਾ ਕਿਸੇ ਸੁਆਦਲੇ ਰਉਂ ਵਿਚ।

{ਸੰ. ਪੋ. ਭਾਗ-੩ ਪੰ: ੧੫੦੩}

307. ਨਾਮ ਦਾ ਜਪ ਸਾਧਨ ਮਾਤ੍ਰ ਨਹੀਂ ਕਰਨਾ, ਰਮਨਾ ਹੈ। ਖੇਲਮਯ ਬ੍ਰਿਤੀ ਵਿਚ, ਖੁਸ਼ੀ ਭਰੇ ਰੰਗ ਵਿਚ ਤੇ ਫੇਰ ਕੀਰਤਨ ਦੇ ਰਉਂ ਵਿਚ।

{ਸੰ. ਪੋ. ਭਾਗ-੩ ਪੰ: ੧੫੦੩}

 www.sikhbookclub.com

308. ਜਿਸ ਨੂੰ ਨਾਮ ਦੀ ਪ੍ਰਪੱਕ ਅਵਸਥਾ ਪ੍ਰਾਪਤ ਹੋ ਜਾਂਦੀ ਹੈ, ਅਨਾਹਤ ਆਪੇ ਸੁਣੀਨ ਲੱਗ ਪੈਂਦਾ ਹੈ। ਉਸ ਲਈ ਚੱਕ੍ਰਾਂ ਦੀ ਸਿੱਧੀ ਦੀ ਲੋੜ ਨਹੀਂ ਪੈਂਦੀ, ਮਨ ਦੀ ਦ੍ਰਿੜਤਾ ਸਾਰੇ ਕੰਮ ਸਾਰਦੀ ਹੈ। ਇਹ ਅਨਾਹਤ ਦਸਮ ਦੁਆਰ ਦੀ ਖੇਲ ਹੈ। ਨਾਮ ਸਿਧ ਹੋਣੇ ਤੇ ਸੁਤੇ ਸਿਧ ਉਨਮਨੀ ਹਾਲਤ ਉਪਜਦੀ ਹੈ, ਅਰਥਾਤ ਮਨ ਉਚਜਤਾ ਦੀ ਪ੍ਰਤੀਤੀ ਵਿਚ ਹੋ ਆਉਂਦਾ ਹੈ ਤੇ ਕਈ ਵੇਰ ਦਸਮ ਦੁਆਰ ਵਿਚ ਇਕ ਪ੍ਰਤੀਤੀ ਹੋ ਆਉਂਦੀ ਨਾਮੀ ਪੁਰਖ ਪ੍ਰਤੀਤ ਕਰਦਾ ਹੈ, ਤਦੋਂ ਸੁਰਤ ਉੱਚੀ ਰਹਿੰਦੀ ਹੈ ਤੇ ਮੱਧਮ ਰੰਗ ਦਾ ਸੁਖ ਪ੍ਰਤੀਤ ਦੇਂਦਾ ਹੈ।

{ਸੰ. ਪੋ. ਭਾਗ-੩ ਪੰ: ੧੫੦੮}

309. ਚਿਤ ਬ੍ਰਿਤੀ ਜਦ ਇਕ ਪਾਸੇ ਲਗਦੀ ਹੈ ਤਾਂ ਕਾਰਜ ਸਿਧੀ ਹੁੰਦੀ ਹੈ। ਦੁਬਿਧਾ ਵਿਚ ਚਿਤ ਬ੍ਰਿਤੀ ਚੰਚਲ ਤੇ ਤ੍ਰਿਸ਼ਨਾ ਵਿਚ ਰਹਿੰਦੀ ਹੈ, ਇਸ ਕਰਕੇ ਪਰਮਾਰਥ ਸਿਧੀ ਨਹੀਂ ਹੋ ਸਕਦੀ। ਉਸ ਲਈ ਮਨ ਲਈ ਜ਼ਰੂਰੀ ਹੈ ਕਿ ਸੇਧ ਪਹਿਲਾਂ ਬੰਨ੍ਹ ਲਵੇ ਕਿ ਮੈਂ ਅਦੁਤੀ ਅਕਾਲ ਪੁਰਖ ਨੂੰ ਪ੍ਰਾਪਤ ਕਰਨਾ ਹੈ। ਇਸ ਪ੍ਰਾਪਤੀ ਨੂੰ ਅਪਣਾ ਮਨੋਰਥ ਬਨਾਉਣਾ ਹੈ ਤੇ ਇਸ ਲਈ ਨਾਮ ਅਰਾਧਨ, ਪ੍ਰੇਮ ਤੇ ਭਗਤੀ ਭਾਵ ਨੂੰ ਇਸ ਪਾਸੇ ਜੋੜਨਾ ਹੈ। ਸੰਸਾਰ ਦੇ ਕੰਮ ਤੇ ਸ਼ਰੀਰ ਰਖਜਾ ਪਾਲਣਾ ਦੇ ਕਾਰਜ ਕਰਨੇ ਹਨ, ਪਰ ਤ੍ਰਿਸ਼ਨਾ ਵਿਚ ਰੁੜ ਨਹੀਂ ਜਾਣਾ, ਵਿਕਾਰਾਂ ਵਿਚ ਨਹੀਂ ਪੈਣਾ, ਦੁਖ ਨਹੀਂ ਦੇਣਾ, ਈਰਖਾ, ਵਾਦ, ਵੈਰ, ਵਿਰੋਧ ਦੇ ਭਾਵਾਂ ਨੂੰ ਅੰਦਰ ਨਹੀਂ ਆਉਣ ਦੇਣਾ।

{ਸੰ. ਪੋ. ਭਾਗ-੩ ਪੰ: ੧੫੧੭}

310. ਭਾਈ! ਖ਼ਬਰਦਾਰ ਹੋ, ਸੇਵਕ ਬਣਕੇ ਇਹ ਨਹੀਂ ਸਮਝਣਾ ਕਿ ਮੈਂ ਨਾਮ ਬਾਣੀ ਦੀ ਘਾਲ ਘਾਲਕੇ ਤੇ ਸੇਵਾ ਕਰਕੇ ਬਣਿਆ ਹਾਂ। ਇਹ ਫੇਰ ਹਉਮੈਂ ਹੋਵੇਗੀ। ਤੂੰ ਇਹ ਸਮਝਣਾ ਹੈ ਕਿ ਇਹ ਆਪਣੀ ਕਰਮ ਘਾਲ ਨਹੀਂ, ਇਹ ਮਿਹਰ ਹੈ।

{ਸੰ. ਪੋ. ਭਾਗ-੩ ਪੰ: ੧੫੨੧}

 www.sikhbookclub.com

311. ਚਿੱਤ ਦੀਆਂ ਬ੍ਰਿਤੀਆਂ ਦਾ ਨਿਰੁੱਧ ਹੋਣਾ ਰਾਜ ਯੋਗ ਹੈ। ਗੁਰਮਤਿ ਵਿਚ ਵਾਸ਼ਨਾ ਦਾ ਰੁਕਣਾ, ਕਰਮਾਂ ਦੇ ਫਲਾਂ ਤੋਂ ਕੋਈ ਇੱਛਾ ਨਾ ਰੱਖਣੀ, ਸਿਮਰਣ ਦੁਆਰੇ ਲਿਵ ਤੇ ਲਿਵਤੋਂ ਤੁਰੀਆ ਵਿਚ ਪਹੁੰਚਣਾ, ਫੇਰ ਗ੍ਰਿਹਸਤ ਵਿਚ ਹੀ ਰਹਿਣਾ, ਜਲ ਵਿਚ ਕਮਲ ਤੇ ਮੁਰਗਾਬੀ ਵਾਂਞੂ ਅਲੇਪ ਰਹਿਣਾ, ਰਾਜ ਯੋਗ ਹੈ।

{ਸੰ. ਪੋ. ਭਾਗ-੩ ਪੰ: ੧੫੨੯}

312. ਨਾਮ ਨਾਲ ਮਨੋਂ ਪ੍ਰੀਤ ਲਾਏ ਬਿਨਾਂ ਜੋ ਕਰਮ ਕਾਂਡੀ ਕਰਮ ਹਨ, ਜੋ ਪੁੰਨ ਸਮਝਕੇ ਕੀਤੇ ਜਾਂਦੇ ਹਨ, ਓਹ ਨਰਕ ਤੋਂ ਨਹੀਂ ਬਚਾ ਸਕਣਗੇ, ਕਿਉਂਕਿ ਕਰਮ ਕਾਂਡ ਮੂਜਬ ਪੁੰਨ ਕਰਮਾਂ ਦਾ ਫਲ ਸੁਰਗਾਂ ਵਿਚ ਭੋਗ ਕੇ ਫੇਰ ਨਰਕਾਂ ਵਿਚ ਮਾੜੇ ਕਰਮਾਂ ਦਾ ਫਲ ਭੋਗਣ ਲਈ ਜਾਣਾ ਪੈਂਦਾ ਹੈ।

{ਸੰ. ਪੋ. ਭਾਗ-੩ ਪੰ: ੧੫੩੪}

313. ਜਿਸ ਨੇ ਨਾਮ ਦੀ ਆਰਾਧਨਾ ਮਨੋ ਹੋ ਕੇ ਨਹੀਂ ਕੀਤੀ ਉਹ ਆਪਣੀਆਂ ਕੀਤੀਆਂ ਦੇ ਹਿਸਾਬ ਲਈ ਧਰਮਰਾਜ ਪਾਸ ਬੱਝਾ ਹੋਇਆ ਲਿਜਾਇਆ ਜਾਂਦਾ ਹੈ। ਕਰਮ ਕਾਂਡ ਇਹੋ ਕੁਛ ਦੱਸਦਾ ਹੈ ਕਿ ਨਰਕ ਜਾਣ ਤੋਂ ਪਹਿਲੋਂ ਉਹ ਧਰਮਰਾਜ ਪਾਸ ਬੱਧਾ ਰੁੱਧਾ ਲੇਖੇ ਲਈ ਲਿਜਾਇਆ ਜਾਂਦਾ ਹੈ।

{ਸੰ. ਪੋ. ਭਾਗ-੩ ਪੰ: ੧੫੩੪}

314. ਜਦ ਨਾਮ ਲੈਣਾ ਮਿਹਰ ਨਾਲ ਹੁੰਦਾ ਹੈ ਤਾਂ ਮੇਹਰ ਦਾਤੇ ਦੀ ਸਾਡੇ ਵੱਸ ਨਹੀਂ, ਇਸਦਾ ਉਪਾਉ ਕੀ ਹੈ?......... ਜੋ ਸ਼ੈ ਦਾਤੇ ਦੇ ਵੱਸ ਹੈ, ਉਸਦਾ ਉਪਾਉ ਕੋਈ ਨਹੀਂ, ਪਰ ਸੱਚੇ ਯਾਚਕ ਲਈ ਇਕ ਦਰਵਾਜਾ ਖੁੱਲ੍ਹਾ ਹੈ, ਉਹ ਹੈ ਅਰਦਾਸ, ਸੋ ਅਰਦਾਸ ਕਰਿਆ ਕਰੋ-**'ਮਿਲੁ ਮੇਰੇ ਗੋਬਿੰਦ ਅਪਨਾ ਨਾਮੁ ਦੇਹੁ'**।......... ਅਰਦਾਸ ਪ੍ਰੇਮ ਨਾਲ ਕਰੋ, ਪ੍ਰੇਮ ਭਾਵਨਾ ਕਰਤਾਪੁਰਖ ਵਲ ਲਾਓ।

{ਸੰ. ਪੋ. ਭਾਗ-੩ ਪੰ: ੧੫੩੪}

315. ਜਿਵੇਂ ਬੱਚਾ ਪੁੱਤ੍ਰ ਬਿਹਬਲ ਹੋਕੇ ਮਾਂ ਨੂੰ ਪਜਾਰ ਕਰਦਾ ਹੈ ਤਿਵੇਂ ਸੰਕਟਾਂ ਦੇ ਪਿਆਂ (ਪ੍ਰਭੂ) ਭਗਤਾਂ ਨੂੰ ਬਿਹਬਲ ਹੋ ਕੇ ਪਜਾਰ ਕਰਦਾ ਹੈ।
{ਸੰ. ਪੋ. ਭਾਗ-੩ ਪੰ: ੧੫੩੬}

316. ਸੰਸਾਰ ਦਾ ਸਭੋ ਕੁਛ ਮਿਲੇ ਤਾਂ ਫਿਰ ਬੀ ਕਸਰ ਰਹਿੰਦੀ ਹੈ, ਕਿਉਂਕਿ ਸੰਸਾਰ ਦੇ ਸਭੋ ਕੁਛ ਵਿਚ ਪਰਮਾਰਥ ਸਿਧੀ ਨਹੀਂ ਹੁੰਦੀ। ਪਰ 'ਨਾਮ' ਸਰਬਸੁ (ਸਭੋ ਕੁਛ) ਇਸ ਕਰਕੇ ਹੈ ਕਿ ਇਸ ਦੇ ਪ੍ਰਾਪਤ ਹੋਇਆਂ ਕਿਸੇ ਸ਼ੈ ਦੀ ਲੋੜ (ਬਾਕੀ) ਨਹੀਂ ਰਹਿੰਦੀ ਤੇ ਸਭੋ ਕੁਛ ਨਾਮੀ ਦੇ ਮਗਰ ਪਿਆ ਫਿਰਦਾ ਹੈ, ਤੇ ਨਾਮ ਰਸ ਸਾਰੇ ਰਸਾਂ ਤੋਂ ਸ਼ਿਰੋਮਣੀ ਹੁੰਦਾ ਹੈ।
{ਸੰ. ਪੋ. ਭਾਗ-੩ ਪੰ: ੧੫੩੮}

317. ਇਹ ਨਾਮ ਆਰਾਧਨ ਤੁਹਾਨੂੰ ਮੋਹਨ ਨਾਮ ਵਿਚ, ਜੋ ਸਦਾ ਵਜਾਪਕ ਹੈ, ਪਹੁੰਚਾ ਦੇਵੇਗਾ। ਉਸ ਦੀ ਨਿਸ਼ਾਨੀ ਇਹ ਹੈ ਕਿ ਫੇਰ ਤੁਹਾਨੂੰ ਨਾਮ ਭੁੱਲੇਗਾ ਨਹੀਂ, ਆਪੂੰ ਪਿਆ ਹੋਵੇਗਾ ਓਹ ਅਜਪਾ ਜਾਪ ਹੋਕੇ ਕਦੇ ਨਾ ਵਿਸਰੇਗਾ। **'ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ'॥** (ਵਾ: ਮਲਾ: ਮ: 1-27)
{ਸੰ. ਪੋ. ਭਾਗ-੩ ਪੰ: ੧੫੪੪}

318. ਨਾਮ ਅਰਾਧਨ ਵਾਲਾ ਵਿਕਾਰਾਂ ਤੋਂ ਬਚੇ, ਕਾਮ, ਕ੍ਰੋਧ, ਲੋਭ, ਮੋਹ ਆਦਿ ਦੂਰ ਕਰੇ। ਨਾਮ ਔਖਧੀ ਹੈ ਜਿਸ ਨੇ ਰੋਗ ਕੱਟਣਾ ਹੈ। ਔਖਦੀ ਜਦ ਸੇਵਨ ਕਰੀਦੀ ਹੈ ਤਾਂ ਨਾਲ ਪਥ ਪ੍ਰਹੇਜ਼ ਰੱਖੀਦੇ ਹਨ, ਸੋ ਕਾਮ, ਕੋਧ, ਲੋਭ, ਮੋਹ ਤੋਂ ਬਚਣਾ ਪਥ ਪ੍ਰਹੇਜ਼ ਹੈ, ਐਉਂ ਨਾਮ ਦੁਖਾਂ ਨੂੰ ਛੇਤੀ ਦੂਰ ਕਰਦਾ ਹੈ।
{ਸੰ. ਪੋ. ਭਾਗ-੩ ਪੰ: ੧੫੪੪-੪੫}

319. ਜੀਵੋ ਹਰੀ ਪ੍ਰਭੂ ਦੀ ਮੇਹਰ ਪਾਕੇ, ਮੇਹਰ ਨੂੰ ਜਰੋ, ਮੈਂ ਮੈਂ ਵਿਚ ਪੈਕੇ ਮੁੜ ਹਉਂ ਦੇ ਹੱਥ ਨਾ ਚੜ੍ਹ ਜਾਓ। ਸਦਾ ਦਿਆਲੂ ਦੀ ਸਦਾ ਸ਼ਰਣ ਵਿਚ ਰਹੋ।
{ਸੰ. ਪੋ. ਭਾਗ-੩ ਪੰ: ੧੫੪੭}

320. ਵਾਹਿਗੁਰੂ ਸਾਡੇ ਨਾਲ ਹੈ। ਅਸੀਂ ਇਹ ਗੱਲ ਭੁੱਲ ਜਾਂਦੇ ਹਾਂ, ਇਹੀ ਭਰਮ ਹੈ, ਇਹੀ ਸਾਡਾ ਦੁੱਖ ਹੈ। ਇਹ ਭੁੱਲ ਦੂਰ ਹੁੰਦੀ ਹੈ ਵਾਹਿਗੁਰੂ ਦਾ ਨਾਮ ਸਦਾ ਸਿਮਰਨ ਨਾਲ। 'ਵਾਹਿਗੁਰੂ ਹੈ' ਇਹ ਯਾਦ ਰੱਖਣ ਨਾਲ।

{ਖਾਲਸਾ ਸਮਾਚਾਰ ੨੬-੧-੦੭}

321. ਰੱਬ ਜੀ ਦੀ ਹਜ਼ੂਰੀ ਦੀ ਪ੍ਰਤੀਤੀ ਹੁੰਦੀ ਹੈ, ਐਉਂ ਜਿਵੇਂ ਕੁਰਸੀ ਨਾਲ ਜੇ ਢਾਸਣਾ ਲਾਕੇ ਬੈਠੀਏ ਤਾਂ ਕੁਰਸੀ ਦੀ ਮੌਜੂਦਗੀ ਮਹਿਸੂਸ ਹੁੰਦੀ ਹੈ।

{ਖਾਲਸਾ ਸਮਾਚਾਰ ੨੬-੧-੦੬}

322. ਮਰਨ ਦੇ ਪਿਛੋਂ ਪ੍ਰਾਣੀ ਨਮਿਤ ਅਰਦਾਸ ਕਰਨੀ ਉਸ ਨੂੰ ਸੁੱਖ ਦੇਂਦੀ ਹੈ। ਉਸ ਦੀ ਰੂਹ ਦਾ ਭਲਾ ਕਰਦੀ ਹੈ। ਇਹ ਇਕ ਮਿਸਟਿਕ (ਆਤਮਕ) ਕਾਨੂੰਨ ਹੈ। ਪਿਛਲਿਆਂ ਦੀ ਕੀਤੀ ਅਰਦਾਸ ਦੀ ਹਰ ਕਿਸੇ ਨੂੰ ਲੋੜ ਹੈ, ਚਾਹੇ ਉਹ ਪਾਰਗਰਾਮੀ ਸੰਤ ਹੀ ਕਿਉਂ ਨਾ ਹੋਵੇ? ਤੀਸਰੀ ਪਾਤਸ਼ਾਹੀ 'ਗੁਰੂ ਅਮਰਦਾਸ' ਜੀ ਨੇ ਵੀ ਹੁਕਮ ਕੀਤਾ ਸੀ:-**'ਮੈ ਪਿਛੈ ਕੀਰਤਨੁ ਕਰੀਅਹੁ ਨਿਰਬਾਣੁ ਜੀਉ'**।

{ਖਾਲਸਾ ਸਮਾਚਾਰ ੨੬-੧-੦੬}

323. ਵਾਹਿਗੁਰੂ ਦੇ ਗੁਣ ਗਾਉਣਾ ਇਕ ਚਾਉ ਹੈ। ਸਿਮਰਨ ਕਰਦੇ ਕਰਦੇ ਜੇ ਸੌਂ ਜਾਵੇ, ਤੇ ਜਦ ਸਵੇਰ ਨੂੰ ਜਾਗ ਆਵੇ, ਤੇ ਸਿਮਰਨ ਜਾਰੀ ਹੋਵੇ ਤਾਂ ਸਮਝੋ ਕਿ ਸੁੱਤਿਆਂ ਵੀ ਸਿਮਰਨ ਜਾਰੀ ਰਿਹਾ ਹੈ।

{ਖਾਲਸਾ ਸਮਾਚਾਰ ੨੬-੧-੦੭}

324. ਜਦ ਕੋਈ ਸੁੰਦਰ ਚੀਜ਼ ਵੇਖੋ, ਆਪਣੀ ਸੁਰਤ ਸੁੰਦਰਤਾ ਦੇ ਕਰਤੇ ਵੱਲ ਲੈ ਜਾਵੋ। ਜਦ ਖੂਬਸੂਰਤ ਗੁਲਾਬ ਦਾ ਫੁੱਲ ਵੇਖੀਏ, ਉਸ ਦਾ ਉਗਾਉਣ ਵਾਲਾ, ਵਾਹਿਗੁਰੂ ਸਾਡੇ ਮਨ ਵਿਚ ਵੱਸ ਜਾਏ। ਇਉਂ ਵਾਹਿਗੁਰੂ ਦੀ ਯਾਦ ਪੱਕਦੀ ਹੈ।

{ਖਾਲਸਾ ਸਮਾਚਾਰ ੨੬-੧-੦੭}


www.sikhbookclub.com

# ਸੁੰਦਰਤਾ ਤੋਂ ਸੁੰਦਰ ਵਿਚ

ਤੈਨੂੰ ਤੱਕਦੀ ਖਿੜੀ ਗੁਲਾਬ ਵੱਲੀ!
ਮੋਹਿਤ ਹੋਵੰਦੀ ਤੁਰੀ ਦਰ ਆਈਆਂ ਮੈਂ।

ਤੇਰੀ ਗੰਧ ਸੁਗੰਧ ਤੋਂ ਮਸਤੀਆਂ ਦੀ,
ਝੂੰਮਾਂ ਸਿਰੇ ਤੇ ਆਣਕੇ ਛਾਈਆਂ ਮੈਂ।

ਤੈਨੂੰ ਪਰਸਦਿਆਂ ਥਰਹਰੀ ਕੰਪ ਲਗੀ,
ਵਿਸਮ ਵਿਸਮ ਲਹਿਰਾਂ ਅੰਦਰ ਧਾਈਆਂ ਮੈਂ।

ਫੇਰ ਗੁੰਮਦੀ ਜਾਂਵਦੀ ਆਪ ਵਿਚ ਨੂੰ
ਕਿਸੇ ਵਿੱਚ ਗਲਵਕੜੀ ਪਾਈਆਂ ਮੈਂ।

ਗ਼ੈਬੀ ਛੁਹ ਕੋਈ ਸੁੰਦਰ ਸੋਹਿਣੇ ਦੀ,
ਲਈ ਜਾਂਦੀ ਏ ਵਿਚ ਕਲਾਈਆਂ ਮੈਂ।

ਪਿਛਲੇ ਪਾਸਿਓਂ 'ਮੈਂ' ਦੇ ਕਿਨ੍ਹੇ ਆਕੇ,
ਲਿਵਲੀਨਤਾ ਵਿੱਚ ਵਿਲਾਈਆਂ ਮੈਂ।

ਕੋਈ ਦਸੀਓ ਗ਼ੈਬ ਦੇ ਸੁਹਣਿਓ ਵੇ!
ਕਿਤੇ ਇਹੋ ਤਾਂ ਨਹੀਂ ਸੀ 'ਸਾਈਆਂ ਮੈਂ'?

{ਮੇਰੇ ਸਾਈਆਂ ਜੀਓ}

**ਨੋਟ:- ਦੇਖੋ ਸਤਿਕਾਰ ਯੋਗ ਭਾਈ ਵੀਰ ਸਿੰਘ ਜੀ ਨੇ ਕਿਸ ਤਰ੍ਹਾਂ step-by-step 'ਸੁੰਦਰਤਾ' ਤੋਂ 'ਸੁੰਦਰ' ਵਿਚ ਸਮਾਉਣ ਦਾ ਆਪਣਾ ਨਿਜੀ ਤਜਰਬਾ ਬਿਆਨ ਕੀਤਾ ਹੈ। ਕਵੀ ਤਾਂ ਸਾਰੇ ਕਹਿ ਦੇਂਦੇ ਹਨ ਕਿ ਹਰ 'ਸੁੰਦਰਤਾ' ਵਿਚ 'ਸੁੰਦਰ' ਹੈ ਪਰ ਇਸ ਤਰ੍ਹਾਂ ਦਾ step-by-step ਸੁੰਦਰ ਵਿਚ ਲਿਵ ਲੀਵਨ ਹੋਣ ਦਾ ਨਿਜੀ ਤਜਰਬਾ ਕਿਸੇ ਨਹੀਂ ਬਿਆਨਿਆਂ।**

***– ਸੰਪਾਦਕ***


www.sikhbookclub.com

325. ਸਿਮਰਨ ਦਾ ਮੰਤਵ ਰੱਬ ਜੀ ਨਾਲ ਪਿਆਰ ਪਾਉਣਾ ਤੇ ਆਪਣੇ ਆਪ ਨੂੰ ਸਾਂਈਂ ਨਾਲ ਇਕਮਿਕ ਕਰਨਾ ਹੈ। ਸਿਰਫ ਮਾਲਾ ਫੇਰਨਾ ਹੀ ਮੰਤਵ ਸਮਝ ਲੈਣਾ ਮੁਰਦਾ ਸਾਧਨ ਹੈ।
{ਖਾ: ਸ: ੧੯-੧-੦੬}

326. ਵਾਹਿਗੁਰੂ ਕੋਈ ਭਾਣਾ ਕਿਉਂ ਵਰਤਾਉਂਦਾ ਹੈ, ਇਸ ਦੀ ਉਸ ਨੂੰ ਸਮਝ ਹੈ। ਅਸਾਂ ਹਰ ਐਭੀ ਨਿਭੀ ਵਿਚ ਉਸ ਦੀ ਰਜ਼ਾ ਵਿਚ, ਯਾਦ ਵਿਚ ਤੇ ਸ਼ੁਕਰ ਵਿਚ ਰਹਿਣਾ ਤੇ ਨਾਮ ਦਾ ਲੜ ਨਹੀਂ ਛੱਡਣਾ ਹੈ।
{ਖਾਲਸਾ ਸਮਾਚਾਰ ੨੬-੧-੦੭}

327. ਕੀਰਤਨ ਵਲਵਲਾ ਪੈਦਾ ਕਰਦਾ ਹੈ। ਇਸ ਵਾਸਤੇ ਆਤਮਾ ਦਾ ਪਰਮਾਤਮਾ ਨਾਲ ਪਿਆਰ ਪਾਉਣ ਵਿਚ ਕੀਰਤਨ ਸਹਾਈ ਹੁੰਦਾ ਹੈ।
{ਖਾਲਸਾ ਸਮਾਚਾਰ ੧੯-੧-੦੬}

328. ਅਸਲ ਚੀਜ਼ ਮਨ ਦਾ ਨਿਰਮਲ ਹੋਣਾ ਹੈ। ਬਾਕੀ ਜੋ ਲੋਗ ਦਰਸ਼ਨਾਂ ਜੋਤਾਂ ਆਦਿ ਤੇ ਭੁਲਾਵੇ ਦਿੰਦੇ ਹਨ, ਓਹ ਭੂਤ ਖੇਡਾਂ ਹਨ।
{ਖਾਲਸਾ ਸਮਾਚਾਰ ੧੯-੧-੦੬}

329. ਅਸਲੀ ਚੀਜ਼ ਨਾਮ ਸਿਮਰਨ ਹੈ। ਆਪ ਲੋਕ ਇਸ ਨੂੰ ਮਾਮੂਲੀ ਗਲ ਸਮਝਕੇ ਗਹੁ ਨਹੀਂ ਕਰਦੇ ਤੇ ਕੋਈ ਯੋਗ ਦੇ ਸਾਧਨ ਕਰਨ ਲਗ ਜਾਂਦੇ ਹਨ। ਦਸਮ ਦਵਾਰ ਖੁੱਲਣਾ ਯਾ ਕੁੰਡਲਣੀ ਦਾ ਸੁਲਝਣਾ, ਇਹ ਗੁਰਸਿਖੀ ਵਿਚ ਸਹਜੇ ਹੀ ਹੋ ਜਾਂਦੇ ਹਨ।
{ਖਾਲਸਾ ਸਮਾਚਾਰ ੧੯-੧-੦੬}

330. ਸਿਮਰਨ ਕਰਨ ਵਾਲੇ ਨੂੰ ਅਪਣੀ ਮਸ਼ਹੂਰੀ, ਮਾਯਾ ਦੀ ਚਾਹ ਤੇ ਕਰਾਮਾਤਾਂ ਤੋਂ ਉਤੇ ਉੱਠਣਾ ਚਾਹੀਏ। ਇਹ ਚੀਜ਼ਾਂ ਇਸ ਰਸਤੇ ਦੀਆਂ ਰੁਕਾਵਟਾਂ ਹਨ।
{ਖਾਲਸਾ ਸਮਾਚਾਰ ੧੯-੧-੦੬}

331. ਰੱਬ ਜੀ ਅੱਗੇ ਆਪਣੇ ਆਪ ਨੂੰ ਮੁਕੰਮਲ ਸਮਰਪਣ ਕਰ ਦਿਓ। ਫੇਰ ਉਹ ਬਿੱਲੀ ਦੇ ਬਲੂੰਗੜੇ ਵਾਂਗੂ ਸਾਡੀ ਆਪ ਹੀ ਸੰਭਾਲ ਕਰੇਗਾ।
{ਖਾਲਸਾ ਸਮਾਚਾਰ ੧੯-੧-੦੬}

332. ਮੂਰਤਾਂ ਸਮਾਧੀ ਲਾ ਕੇ ਦੇਖਣੀਆਂ ਮਿਸਮਰੇਜ਼ਮ ਯਾ ਭੂਤ ਵਿੱਦਿਆ ਹੈ। ਇਹ ਤਮਾਸ਼ਾ ਹੈ। ਜੇ ਕੋਈ ਮੁਰਦੇ ਨੂੰ ਜੀਵਾਲਨ ਤੱਕ ਦੀ ਕਰਾਮਾਤੀ ਸ਼ਕਤੀ ਵੀ ਰੱਖਦਾ ਹੈ ਤਾਂ ਉਸ ਦੀ ਕੋਈ ਕੀਮਤ ਨਹੀਂ। ਅਸਲ ਚੀਜ਼ ਕਲੇਜੇ ਵਿਚ ਠੰਢ ਵਰਤਣਾ ਹੈ।
{ਖਾਲਸਾ ਸਮਾਚਾਰ ੧੯-੧-੦੬}

333. ਨਾਮ ਰਸਨਾ ਨਾਲ ਜਪਣਾ ਚਾਹੀਦਾ ਹੈ। ਸਰੀਰਕ ਮੰਡਲ ਵਿਚ ਲਗ ਰਹੇ ਧਿਆਨ ਨੂੰ ਕਿਸੇ ਸਰੀਰਕ ਕ੍ਰਿਆ ਨਾਲ ਹੀ ਚੁੱਕੀਦਾ ਹੈ। ਉਹ ਹੈ ਜੀਭ ਨਾਲ ਜਪਣਾ। ਜੀਭ ਨਾਲ ਜਪਿਆਂ ਫਿਰ ਪ੍ਰਾਣਾਂ ਵਿਚ ਵੱਸ ਜਾਂਦਾ ਹੈ।
{ਖਾਲਸਾ ਸਮਾਚਾਰ ੧੯-੧-੦੬}

334. ਵੀਚਾਰ ਤੇ ਸਿਮਰਨ ਦੋਨੋਂ ਜ਼ਰੂਰੀ ਹਨ। ਸਿਮਰਨ ਵਿਚ ਤਾਕਤ ਹੈ। ਜੇ ਕ੍ਰੋਧੀ ਕਰੇਗਾ ਤਾਂ ਕ੍ਰੋਧ ਵਧਾ ਲਵੇਗਾ: ਇਸ ਵਾਸਤੇ ਹਰ ਫੁਰਨੇ ਤੇ ਹਰ ਕੰਮ ਨੂੰ ਵੀਚਾਰਨਾ ਵੀ ਜ਼ਰੂਰੀ ਹੈ। ਸਿਮਰਨ ਵੀ ਵਿਤੋਂ ਵੱਧ ਨਹੀਂ ਕਰਨਾ।
{ਖਾਲਸਾ ਸਮਾਚਾਰ ੧੯-੧-੦੬}

335. ਸਤਿਗੁਰਾਂ ਨੇ ਸਿਖਾਂ ਨੂੰ ਖੁੱਡ ਦੇ ਚੂਹੇ ਨਹੀਂ ਬਣਾਏ ਜੋ ਪਹਾੜਾਂ ਦੀਆਂ ਖੁੰਦਰਾਂ ਵਿਚ ਵੜਕੇ ਸਮਾਧੀਆਂ ਲਾ ਬੈਠਣ। ਅਸਾਂ ਨੇ ਗ੍ਰਿਹਸਤ ਵਿਚ ਰਹਿ ਕੇ ਹੱਸਦੇ ਖੇਲਦੇ, ਖਾਂਦੇ ਪੀਂਦੇ, ਜਗਤ ਫਸੌਤੀਆਂ ਤੋਂ ਉਪਰ ਤਰਦਿਆਂ ਨਿਰਲੇਪ ਰਹਿਕੇ ਗੁਰਮੁਖ ਬਣਨਾ ਹੈ।
{ਖਾਲਸਾ ਸਮਾਚਾਰ ੧੯-੧-੦੬}

 www.sikhbookclub.com

336. ਜੇ ਨਾਮ ਜਪ ਵੇਲੇ ਮਨ ਇਕਾਗਰ ਨਹੀਂਓ ਹੁੰਦਾ ਤਦ ਇਸਦਾ ਮਤਲਬ ਹੈ ਕਿ ਨਾਮ-ਜਪ ਦੀ ਅਜੇ ਮਹਤਤਾ ਨੂੰ ਨਹੀਂ ਸਮਝਿਆ ਗਿਆ।

{ਖਾਲਸਾ ਸਮਾਚਾਰ ੧-੩-੦੭}

337. ਮਨੁੱਖ ਝੂਠ ਬੋਲਕੇ ਬਚ ਸਕਦਾ ਹੈ, ਜੀਉਂਦੇ ਰਹਿ ਸਕਦਾ ਹੈ, ਪਰ ਹਰ ਇਕ ਤੋਂ ਵਿਸ਼ਵਾਸ ਤੇ ਆਦਰ ਨਹੀਂ ਪਾ ਸਕਦਾ।

{ਖਾਲਸਾ ਸਮਾਚਾਰ ੧-੩-੦੭}

338. ਜੋਰ ਤੇ ਧੱਕੇ ਨਾਲ ਦੂਜਿਆਂ ਨੂੰ ਕੁਛ ਚਿਰ ਲਈ ਡਰਾਇਆ ਜਾ ਸਕਦਾ ਹੈ ਪਰ ਉਹ ਤੁਹਾਡੇ ਨਾਲ ਪ੍ਰੇਮ ਤਾਂ ਨਹੀਂ ਕਰਨਗੇ।

{ਖਾਲਸਾ ਸਮਾਚਾਰ ੧-੩-੦੭}

339. ਬਿਨਾਂ ਕੋਈ ਆਦਰਸ਼ ਬਣਾਏ ਜੀਵਨ ਬਤੀਤ ਕਰਨਾ, (ਇਸ ਤਰ੍ਹਾਂ ਹੈ ਜਿਵੇਂ) ਬਿਨਾਂ ਕਿਸੇ ਥਾਂ ਤੇ ਪੁਜਣ ਦਾ ਨਿਸ਼ਚਾ ਕੀਤੇ ਕਿਸ਼ਤੀ ਨੂੰ ਦਰਯਾ ਵਿਚ ਛੱਡ ਦੇਣਾ ਹੈ।

{ਖਾਲਸਾ ਸਮਾਚਾਰ ੧-੩-੦੭}

340. ਸ੍ਵਾਰਥੀ ਮਨੁੱਖ ਆਮ ਤੌਰ ਤੇ ਆਦਰਸ਼ ਹੀਨ ਹੁੰਦੇ ਹਨ। ਆਦਰਸ਼ ਹੀਨ ਦੀ ਮਿਤ੍ਰਤਾ ਤੂਫ਼ਾਨ ਵਿਚ ਨਿਵਾਸ ਕਰਨਾ ਹੈ।

{ਖਾਲਸਾ ਸਮਾਚਾਰ ੧-੩-੦੭}

341. ਜਦ ਭਲਾ ਆਦਮੀ ਨਿਰਬਲ ਹੋ ਜਾਏ ਤਦ ਉਸਦਾ ਬਲ ਵਾਹਿਗੁਰੂ ਹੁੰਦਾ ਹੈ, ਪਰ ਜਦੋਂ ਦੁਨੀਆਂਦਾਰ ਨਿਰਬਲ ਹੋ ਜਾਏ ਤਦ ਉਸਦਾ ਬਲ ਗੁੱਸਾ ਤੇ ਗਾਲੀਆਂ ਹੁੰਦਾ ਹੈ।

{ਖਾਲਸਾ ਸਮਾਚਾਰ ੧-੩-੦੭}

342. ਕ੍ਰਿਤਗਯਤਾ ਲੈਕੇ ਦੇਣਾ ਚਾਹੁੰਦੀ ਹੈ, ਪ੍ਰੰਤੂ ਕ੍ਰਿਤਘਣਤਾ ਲੈਣਾ, ਦੂਸ਼ਣਾ ਤੇ ਉਪਰੋਂ ਗਾਲੀ ਦੇਣਾ ਆਪਣਾ ਜਨਮ ਅਧਿਕਾਰ ਸਮਝਦੀ ਹੈ।

{ਖਾਲਸਾ ਸਮਾਚਾਰ ੧-੩-੦੭}


www.sikhbookclub.com

343. ਮਨ, ਬਾਣੀ ਤੇ ਕਰਮ ਵਿਚ ਜਿਤਨੀ ਏਕਤਾ ਹੋਵੇਗੀ ਉਤਨਾ ਹੀ ਆਚਰਨ ਚੰਗਾ ਬਣੇਗਾ। ਚੰਗੇ ਆਚਰਨ ਨਾਲ ਪ੍ਰਤਿਸ਼ਠਾ, ਪ੍ਰਸਿਧਤਾ, ਮਿਤ੍ਰ, ਧਨ ਤੇ ਬਲ ਆਪਣੇ ਆਪ ਆ ਜਾਂਦੇ ਹਨ।
{ਖਾਲਸਾ ਸਮਾਚਾਰ ੧-੩-੦੭}

344. ਜਿਹੜਾ ਦੂਜਿਆਂ ਨੂੰ ਧੋਖਾ ਦਿੰਦਾ ਹੈ, ਦੂਜਿਆਂ ਨੂੰ ਨਹੀਂ ਅਸਲ ਵਿਚ ਉਹ ਆਪਣੇ ਆਪ ਨੂੰ ਧੋਖਾ ਦਿੰਦਾ ਹੈ।
{ਖਾਲਸਾ ਸਮਾਚਾਰ ੧-੩-੦੭}

345. ਵਾਹਿਗੁਰੂ ਨੂੰ ਸੰਸਾਰ ਤੇ ਤਰਸ ਆਇਆ ਤੇ ਜਗਤ ਗੁਰੂ ਗੁਰ ਨਾਨਕ ਹੋ ਅਵਤਰਿਆ, ਆਪ ਨੇ ਨਿਰੋਲ ਸਚਾਈ ਤੇ ਤੱਤ ਵਸਤੂ ਪ੍ਰਗਟ ਕਰਦੇ ਹੋਏ 'ਨਾਮ-ਜਪ' ਦਾ ਮਾਰਗ ਚਲਾਇਆ।
{ਖਾਲਸਾ ਸਮਾਚਾਰ ੧-੩-੦੭}

346. 'ਕਦੀ ਨਾ ਭੁੱਲੋ ਰਾਜ! ਗਲ ਏ ਭੇਤ ਦੀ
ਸਾਈਂ ਵਿਸਰੇ ਨਾਂਹਿ ਵੇਲੇ ਹੀ ਕ੍ਰਿਸੇ।' (464)
{ਰਾਣਾ ਸੂਰਤ ਸਿੰਘ, ਪੰਨਾ ੨੨੧}

ਗੁਰਾ ਇਕ ਦੇਹਿ ਬੁਝਾਈ॥
ਸਭਨਾ ਜੀਆ ਕਾ ਇਕੁ ਦਾਤਾ
ਸੋ ਮੈ ਵਿਸਰਿ ਨ ਜਾਈ॥6॥ {ਜਪੁਜੀ}
'ਰਹਿਣਾਂ ਜੁੜਿਆਂ ਨਾਲ ਆਪਣੇ ਰੱਬ ਦੇ,
ਉਸ ਤੋਂ ਅੰਤਰਭਾਵ ਕਦੇ ਨ ਟੁਟਣਾ : (191)
{ਰਾਣਾ ਸੂਰਤ ਸਿੰਘ, ਪੰਨਾ ੬੮}

347. 'ਸੁਰਤ ਸ਼ਬਦ ਦਾ ਮੇਲ ਐਦਾਂ ਰਖਣਾਂ:
'ਰਹੇ ਨਾਮ ਦਾ ਵਾਸ ਧੁਰ ਧੁਰ ਅੰਦਰੇ,
'ਲਿਵ ਵਾਲਾ ਇਕ ਰੌਅ ਚਲ ਪਯੇ ਸੋਹਿਣਾ।
'ਰਹਿਣਾ ਸ਼ਰਨ ਸਮਾਇ ਸਾਈਂ ਰੱਬ ਦੀ,
'ਸਦ-ਲਗਾ ਹਰਿ ਨਾਲ ਜੀਵਣ ਜੀਵਣਾ। (207)
{ਰਾਣਾ ਸੂਰਤ ਸਿੰਘ, ਪੰਨਾ ੨੦੦}

 www.sikhbookclub.com

348. 'ਯਾਦ ਅਹੇ ਇਕ ਰੂਪ ਏਸ ਪ੍ਰੇਮ ਦਾ,
'ਯਾਦ ਕਰਦਿਆਂ ਯਾਦ ਬਣਦੀ ਪ੍ਰੇਮ ਹੈ।
'ਗੁਣ ਚਿੰਤਨ' ਤੇ 'ਨਾਮ ਚਿੰਤਨ', ਰਾਣੀਏ। (30)
'ਏ ਹਨ ਸਭੇ ਪ੍ਰੇਮ, ਰੂਪ ਪ੍ਰੇਮ ਦੇ।
'ਇਹਨਾਂ ਨੂੰ ਹੈ ਰਾਜ। 'ਸਾਧਨ' ਮੈਂ ਕਿਹਾ। (32)
{ਰਾਣਾ ਸੂਰਤ ਸਿੰਘ, ਪੰਨਾ ੧੯੮}

349. ਹਰਿਦਮ ਰਹੋ ਸਮਾਇ ਸ਼ਰਨੀ ਨਾਮ ਦੀ,-
ਨਾਮ ਮੌਜ ਤੋਂ ਬਾਰ੍ਹ ਆਵੇ ਨ ਕਦੀ(160)
ਆਵੇ ਤਦ ਵਿਚਕਾਰ ਬਾਣੀ ਖੇਡਣਾ
ਲੈ ਜਾਵੇ ਫਿਰ ਚੱਕ ਬਾਣੀ ਨਾਮ ਦੇ
ਮੰਡਲ ਦੇ ਵਿਚਕਾਰ ਡਿੱਗਣ ਦੇਇ ਨਾ। (163)
{ਰਾਣਾ ਸੂਰਤ ਸਿੰਘ, ਪੰਨਾ ੨੨੪}

350. ਗੁਰੂ ਬਾਬੇ ਦੀ ਅਬਚਲੀ ਜੋਤ ਨੂੰ ਲੋਕ ਭੁਲਾ ਕੇ ਫੇਰ ਹਨੇਰੇ ਢਹਿਣ ਲੱਗ ਪਏ ਹਨ, ਜਾਓ ਨਾਮ ਦੀ ਜੋਤ ਜਗਾ ਦਿਓ, ਬਾਣੀ ਦੇ ਪਾਠ, ਅਭਯਾਸ, ਸਮਝ, ਰਸ ਤੇ ਗੁਰੂ ਗ੍ਰੰਥ ਪਰਤਖ੍ਯ ਗੁਰੂ ਦੀ ਆਗਯਾ ਪਾਲਨ ਦਾ ਪ੍ਰਚਾਰ ਕਰੋ, ਸਿਮਰਨ ਵਿਚ ਨਿਵਾਸ ਕਰਾਓ, ਪ੍ਰੇਮ ਦੀ ਲਾਟ ਬਾਲ ਦਿਓ, ਜੋ **'ਪੂਰਨ ਜੋਤ ਜਗੈ ਘਟ ਮੈ'**-ਘਟ ਘਟ ਮੇਂ ਪੂਰਨ ਜੋਤ ਜਗ ਪਵੇ।
{ਸੋਹਣੀ ਮੌਲਾ ਦੀ ਪੰਨਾ ੧੦੫}

351. ਨਾਮ ਦੇ ਦੋ ਪਹਿਲੂ ਦਿਖਾਏ ਹਨ:-
1. ਨਾਮ ਪਰਮੇਸ਼ਰ ਦੀ 'ਪਜਾਰ' ਰੂਪੀ ਦਾਤ ਨੂੰ ਆਕਰਖਣ ਕਰਦਾ ਹੈ।
2. ਨਾਮ ਹੀ ਬੁਧਿ ਨੂੰ ਉੱਜਲ ਕਰਕੇ ਆਤਮ ਦਾਤ ਦੇ ਗ੍ਰਹਣ ਕਰਨ ਯੋਗ ਬਣਾ ਦਿੰਦਾ ਹੈ।
{ਸੰਥਯਾ ਪੋਥੀ-੧, ਜਪੁਜੀ ਸਾਹਿਬ-ਸਫਾ ੬੭}

352. ਸ਼ਬਦ ਦੇ ਅਭਯਾਸ ਨਾਲ ਪ੍ਰੀਤਿ ਉਪਜਦੀ ਹੈ। ਸ਼ਬਦ ਦੇ ਅਭਯਾਸ ਨਾਲ ਹਉਂ ਨਵਿਰਤ ਹੁੰਦੀ ਹੈ। ਜਦ ਸਚ ਮੁਚ ਹਉਂ

ਬਿਲਾਉਂਦੀ ਹੈ ਤਾਂ ਆਪਣੇ ਅੰਦਰ ਅਪਣੀ ਆਤਮ ਸਰੂਪਤਾ ਦੀ ਲੱਖਤਾ ਪ੍ਰਾਪਤ ਹੋ ਕੇ ਪਤੀਜਣਾਂ ਆਉਂਦੀ ਹੈ। ਉਹ ਪਤੀਜਣਾ ਫਿਰ ਡੋਲਣ ਨਹੀਂ ਦੇਂਦੀ।

{ਸੰਥਯਾ ਪੋਥੀ-੨, ਪੰਨਾ ੫੬੯}

353. ਨਾਮ ਆਤਮ ਜੀਵਨ ਹੈ ਕਿਉਂਕਿ ਇਸ ਨਾਲ ਅੰਤਰ ਆਤਮੇ ਵਾਹਿਗੁਰੂ ਨਾਲ ਮਿਲੇ ਰਹੀਦਾ ਹੈ। ਵਿਛੁੜਨਾ ਆਪੇ ਉਸ ਆਤਮ ਜੀਵਨ ਤੋਂ ਪਰੇ ਹੋ ਜਾਣਾ ਹੋਇਆ।
**'ਜਨ ਨਾਨਕੁ ਨਾਮੁ ਲਏ ਤਾ ਜੀਵੈ ਬਿਨੁ ਨਾਵੈ ਖਿਨੁ ਮਰਿ ਜਾਇਆ॥2॥'** (ਵਾਰ: ਸਿਰੀ-11)

{ਸੰਥਯਾ ਪੋਥੀ-੨, ਪੰਨਾ ੭੩੦}

354. (ਨਾਮ ਨਾਲ) ਸੰਸਾਰ ਵਿਚ ਰਹਿੰਦਿਆਂ ਬ੍ਰਿਤੀ ਸੰਸਾਰਾਕਾਰ ਨਹੀਂ ਪਰ ਈਸ਼੍ਵਰਾਕਾਰ ਹੋ ਜਾਂਦੀ ਹੈ।

{ਸੰਥਯਾ ਪੋਥੀ-੧, ਪੰਨਾ ੨੫੫}

355. **'ਗੁਰ ਮਿਲਿਐ ਹਮ ਕਉ ਸਰੀਰ ਸੁਧਿ ਭਈ॥**
**ਹਉਮੈ ਤ੍ਰਿਸਨਾ ਸਭ ਅਗਨਿ ਬੁਝਈ॥**
**ਬਿਨਸੇ ਕ੍ਰੋਧ ਖਿਮਾ ਗਹਿ ਲਈ॥7॥'**

{ਗਉ: ਮ: ੩, ਪੰ: ੨੩੩}

ਅਰਥਾਤ:

ਇਹ ਸੁਧ ਪ੍ਰਾਪਤ ਹੋਈ ਕਿ ਇਸੇ ਸਰੀਰ ਦੇ ਅੰਦਰ ਮਨ ਹੈ ਜੋ ਪ੍ਰਿਯ ਲਗਦੀਆਂ ਵਸਤਾਂ ਵਲ ਲਈ ਫਿਰਦਾ ਹੈ, ਇਸ ਅੰਦਰ ਮਨੀਖਾ ਹੈ ਜੋ ਦਸਦੀ ਹੈ ਕਿ ਫਲਾਣੀ ਸ਼ੈ ਸਚ ਮੁਚ ਚੰਗੀ ਹੈ ਫਲਾਣੀ ਨਹੀਂ। ਇਸੇ ਕਰਕੇ.... ਫੁਰਮਾਇਆ ਹੈ ਕਿ ਸ਼ਰੀਰ ਵਿਚ ਵਸਦੇ ਕ੍ਰੋਧ ਨੂੰ ਕੱਢ ਕੇ ਖਿਮਾ ਲਈ; ਸਰੀਰ ਵਿਚ ਵਸਦੀ ਤ੍ਰਿਸ਼ਨਾ ਤੇ ਹਉਮੈ ਦੂਰ ਕੀਤੀ। ਫੇਰ ਸੁਧ ਇਹ ਭਈ, ਕਿ ਸਰੀਰ ਖਿਨ ਭੰਗਰ ਹੈ, ਇਹ ਨਾਮ ਜਪਣ ਤੇ ਆਤਮ ਰਸ ਲੈਣ ਲਈ ਮਿਲਿਆ ਹੈ। ਫੇਰ ਸੁਧ ਇਹ ਭਈ ਕਿ ਸਰੀਰ ਮੈਂ ਨਹੀਂ, ਇਹ

ਤਾਂ ਇਕ ਆਤਮਾ ਦੇ ਕੁਛ ਕਾਲ ਰਹਿਣੇ ਦਾ ਟਿਕਾਣਾ ਤੇ ਦੁਖਾਂ ਦਾ ਸ਼ਿਕਾਰ ਹੈ। ਨਾਮ ਜਪਣੇ ਕਰ ਇਸ ਦੀ ਸਫ਼ਲਤਾ ਹੈ ਕਿ ਇਸ ਵਿਚ ਦਾ ਗੇੜ ਮੁਕ ਜਾਂਦਾ ਹੈ।

{ਸੰਥਯਾ ਪੋਥੀ-੩, ਸਫ਼ਾ ੧੪੮੩}

356. ਵਿਰਾਈ ਬੋਲੀ-ਬਾਣੀ ਏ ਧੁਰ ਦੀ ਉਚਾਰੀ ਹੋਈ ਸ੍ਰੀ ਗੁਰੂ ਨਾਨਕ ਦੇਵ ਜੀ ਦੀ ......... ਰੋਜ਼ ਪਾਠ ਕਰਿਆ ਕਰ, ਵਿਚਾਰਿਆ ਕਰ, ਅਮਲ ਕਰਿਆ ਕਰ, ਜੇ ਤੂੰ ਘਰ ਬੈਠਿਆਂ ਉਹ ਸੁਖ ਮਾਣੇਂ ਜੋ ਵੀਰਨ ਚਰਨ ਸ਼ਰਨ ਜਾ ਕੇ ਮਾਣ ਰਿਹਾ ਹੈ। ਹਾਂ ਇਹ ਹੈ ਪੂਜਨ ਯੋਗ ਬਾਣੀ, ਧੁਰ ਕੀ ਬਾਣੀ! ਬਾਣੀ-ਬਾਣੀ ਵਾਲੇ ਦਾ ਰੂਪ ਹੁੰਦੀ ਏ, ਉਸਦਾ ਹਿਰਦਾ ਹੁੰਦੀ ਏ ਤੇ ਲੈ ਜਾਂਦੀ ਏ ਮਾਲਕ ਦੇ ਦੇਸ਼, ਉਸ ਹਿਰਦੇ ਸਥਲ ਵਿਚ।

{ਅਸ਼ਟ ਗੁਰ ਚਮਤਕਾਰ, ਭਾਗ-੧, ਪੰਨਾ ੩੮}

357. ਗੁਰਬਾਣੀ ਨੂੰ ਸੰਗੀਤ ਵਿਚ ਗਾਇਨ ਕਰਨਾ ਕੀਰਤਨ ਹੈ। ਸੰਗੀਤ ਨਾਲ ਮਨ ਨਰਮ ਹੋ ਜਾਂਦਾ ਹੈ, ਦ੍ਰਵਦਾ ਹੈ। ਨਿਜ ਘਰ ਜਾਣ ਲਈ ਮਨ ਦਾ ਦ੍ਰਵਣਾ ਜ਼ਰੂਰੀ ਹੈ:-

**"ਅਨਿਕ ਜਤਨ ਕਰਿ ਆਤਮ ਨਹੀ ਦ੍ਰਵੈ॥**
**ਹਰਿ ਦਰਗਹ ਕਹੁ ਕੈਸੇ ਗਵੈ॥"**

(ਸੁਖਮਨੀ-੨੭੮)

**"ਹਰਿ ਕੀਰਤਿ ਸਾਧਸੰਗਤਿ ਹੈ**
**ਸਿਰਿ ਕਰਮਨ ਕੈ ਕਰਮਾ॥**

{ਸੋਰਠ ਮ: ੫, ਪੰਨਾ ੬੪੨}

ਕੀਰਤਨ ਕਰਨ ਵਾਲੇ ਦਾ ਨਾਮ ਵਿਚ ਵਿਸ਼ਵਾਸ ਹੋਵੇ ਤੇ ਗੁਰੂ-ਪਰਮੇਸ਼ਰ ਵਿਚ ਉਸਦਾ ਸਿਦਕ ਹੋਵੇ। ਯਥਾ:-

**ਗਾਵਣਿ ਗਾਵਹਿ ਜਿਨ ਨਾਮ ਪਿਆਰੁ॥**
**ਸਾਚੀ ਬਾਣੀ ਸਬਦ ਬੀਚਾਰੁ॥**

{ਪੰਨਾ: ੧੫੮}

**ਪੁਨਾ– "ਜਿਸ ਨੋ ਪਰਤੀਤਿ ਹੋਵੈ ਤਿਸ ਕਾ ਗਾਵਿਆ ਥਾਇ ਪਵੈ ਸੋ ਪਾਵੈ ਦਰਗਹ ਮਾਨੁ ॥"**

{ਪੰਨਾ ੭੩੪}

ਗਾਉਣ ਵਾਲਾ ਸ਼ਬਦ ਉਚਾਰ 'ਸਪਸ਼ਟ' ਤੇ 'ਸ਼ੁਧ' ਕਰੇ ਜੋ ਬਾਣੀ ਸਮਝ ਵਿਚ ਪਵੇ। ਰਾਗ ਦੀਆਂ ਤਾਨਾਂ ਦੀਆਂ ਲਪੇਟਾਂ, ਜੋੜੀ ਦੇ ਥੱਪੇ ਤੇ ਸਾਜ਼ਾਂ ਦੀ ਕੜਕੁੱਟ ਵਿਚ ਬਾਣੀ ਦਾ ਸਪਸ਼ਟ ਪਾਠ ਤੇ ਅਰਥ ਸਮਝੇ ਪੈਣੋ ਨਾ ਦੂਰ ਹੋ ਜਾਣ ਤੇ ਬਾਣੀ 'ਸ਼ੁੱਧ' ਗਾਂਵੀ ਜਾਵੇ।

ਗਾਇਨ ਵਾਲੇ ਨੂੰ ਸੁਰ ਤਾਰ ਰਾਗ ਦੀ ਸੋਝੀ ਹੋਵੇ ਜੋ ਉਹ ਰਸ ਪੈਦਾ ਕਰ ਸਕੇ। ਜੈਸੇ ਭਾਵ ਦੀ ਬਾਣੀ ਗਾਵੇ ਉਸੇ ਤਾਸੀਰ ਵਾਲਾ ਰਾਗ ਚੁਣੇ, ਯਤਨ ਇਸ ਬਾਤ ਦਾ ਹੋਵੇ ਕਿ ਬਾਣੀ ਦੇ ਭਾਵ ਦੀ ਤਾਸੀਰ ਪੂਰੀ ਪੂਰੀ ਪਵੇ ਤੇ ਰਾਗ ਸ਼ੁੱਧ ਤੇ ਸੁੰਦਰ ਗਾਂਵਿਆ ਜਾਵੇ।

ਐਸਾ ਕੀਰਤਨ ਇਸ ਜੁਗ ਦੀ ਤਪੱਸਿਆ ਹੈ, ਇਸ ਨਾਲ ਅੰਦਰ ਦ੍ਰਵਦਾ ਹੈ, ਦ੍ਰਵਣ ਨਾਲ ਮੈਲ ਝੜਦੀ ਹੈ, ਸਾਈਂ ਦਾ ਪ੍ਰੇਮ ਜਾਗਦਾ ਹੈ, ਜਗਤ ਵਿਚ ਝੂਠੀ ਫਸੌਤੀ, ਜੋ ਪਾਪਾਂ ਵਲ ਲਿਜਾਂਦੀ ਹੈ, ਦੂਰ ਹੁੰਦੀ ਹੈ ਤੇ ਨਾਮ-ਪ੍ਰਵੇਸ਼ ਦਾ ਅਵਸਰ ਬਣਦਾ ਹੈ। ਪੰਘਰੀ ਲਾਖ ਤੇ ਮੋਹਰ ਸੁਹਣੀ ਲਗਦੀ ਹੈ, ਪੰਘਰੇ ਮਨ ਵਿਚ ਨਾਮ ਚੰਗਾ ਬੈਠ ਜਾਂਦਾ ਹੈ। ਜਦੋਂ ਮਨ ਉਟਾਟਰਾ ਹੋ ਜਾਵੇ, ਮੈਲਾ ਹੋ ਜਾਵੇ, ਅਰੁਚੀ ਆ ਜਾਵੇ, ਕੀਰਤਨ ਸਭ ਤੋਂ ਚੰਗਾ ਦਾਰੂ ਉਸ ਵੇਲੇ ਦਾ ਬੀ ਹੈ। ਪੁਰਾਣੇ ਜੁਗਾਂ ਦੀ ਤਪੱਸਜਾ ਜਗਿਆਸੂ ਆਪ ਕਰਦਾ ਸੀ ਤੇ ਸਮਿਆਂ ਬਾਦ ਮਨ ਤੋਂ ਮੈਲ ਤ੍ਰਟਦੀ ਸੀ। ਕੀਰਤਨ ਦੀ ਤਪੱਸਜਾ ਦਾ ਇਹ ਵਾਧਾ ਹੈ ਕਿ ਜੇ ਆਪ ਨਾ ਕਰ ਸਕੇ ਤਾਂ ਦੂਸਰੇ ਦੇ ਕੀਤੇ ਦਾ ਸੁਣਕੇ ਹੀ ਲਾਭ ਪ੍ਰਾਪਤ ਹੋ ਜਾਂਦਾ ਹੈ, ਸਗੋਂ **"ਸੁਣਤੇ ਪੁਨੀਤ ਕਹਿਤੇ ਪਵਿਤੁ"** ਦਾ ਵਾਕ ਲਿਖਿਆ ਹੈ।* ਮਨ ਉਤੇ ਜੋ ਪ੍ਰਭਾਵ ਵਾਹਿਗੁਰੂ ਪ੍ਰੇਮ ਦਾ ਪੈਂਦਾ ਹੈ ਉਹ ਨਾਮ ਜਪਦਿਆਂ ਮਨ ਨੂੰ ਵਿਗਾਸ ਵਿਚ ਰਖਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਰਮੇਸ਼ਰ ਦੇ ਪਿਆਰੇ

---

* ਤ੍ਰੈ ਗੁਣਾਂ ਪਵਿਤ੍ਰ ਜੋ ਸ਼ੈ ਹੋਵੇ ਸਿਆਣੇ ਉਸ ਨੂੰ ਪੁਨੀਤ ਕਹਿੰਦੇ ਸੁਣੀਦੇ ਹਨ।


www.sikhbookclub.com

ਦੇ ਮਨ ਦੀ ਅਵਸਥਾ ਖੇੜੇ ਵਾਲੀ ਯਾ ਵਿਗਾਸ ਵਾਲੀ ਦੱਸੀ ਹੈ। **'ਨਾਨਕ ਭਗਤਾ ਸਦਾ ਵਿਗਾਸੁ'**। ਸੋ ਮਨ ਦੀ ਦਸ਼ਾ ਨੂੰ ਸੰਸਾਰਕ ਦੁਖਾਂ ਸੁਖਾਂ ਦੇ ਅਸਰਾਂ ਤੋਂ ਉਚਾ ਕਰਨ ਵਾਲੀ ਸਤਯਾ ਤੇ ਵਿਗਾਸ ਵਿਚ ਲੈ ਜਾਣ ਵਾਲੀ ਤਾਸੀਰ ਕੀਰਤਨ ਵਿਚ ਹੈ। ਜੋ ਨਾਮ ਸਿਮਰਦੇ ਹਨ, ਕੀਰਤਨ ਦੀ ਤਾਸੀਰ ਨਾਲ ਉਨ੍ਹਾਂ ਦਾ ਵਿਗਾਸ ਵਧਦਾ ਹੈ।

**"ਅਨਦ ਸੂਖ ਮੰਗਲ ਬਨੇ ਪੇਖਤ ਗੁਨ ਗਾਉ॥੧॥ਰਹਾਉ॥ ਕਥਾ ਕੀਰਤਨੁ ਰਾਗ ਨਾਦ ਧੁਨਿ ਇਹ ਬਨਿਓ ਸੁਆਉ॥"**
{ਪੰਨਾ-੮੧੮}

ਇਸੇ ਕਰਕੇ ਸਤਿਗੁਰ ਦੇ ਘਰ ਆਸਾ ਦੀ ਵਾਰ ਦਾ ਕੀਰਤਨ ਅੰਮ੍ਰਿਤ ਵੇਲੇ ਹੁੰਦਾ ਹੈ, ਜਿਸ ਦੇ ਸੁਣਨ ਨਾਲ ਝੂਠ ਤੇ ਮੱਕਰ ਤੋਂ ਸੂਗ ਹੁੰਦੀ ਹੈ, ਪਾਪ ਵਲੋਂ ਮਨ ਮੁੜਦਾ ਹੈ, ਨੇਕ ਕੰਮ ਲਈ ਉੱਦਮ ਉਪਜਦਾ ਹੈ, ਬਾਣੀ ਦਾ ਪ੍ਰੇਮ ਪੈਂਦਾ ਹੈ, ਨਾਮ ਵਿਚ ਦ੍ਰਿੜਤਾ ਬੱਝਦੀ ਹੈ ਤੇ ਜੀਵਨ ਸਚਿਆਰ ਹੋ ਜਾਂਦਾ ਹੈ। ਤਾਹੀਏਂ ਸਤਿਗੁਰ ਨੇ ਫੁਰਮਾਇਆ ਹੈ:-

**'ਕੀਰਤਨੁ ਨਿਰਮੋਲਕ ਹੀਰਾ'** {ਪੰਨਾ-੮੯੩}

ਬਾਣੀ ਦਾ ਇਕ ਹੋਰ ਵਰਤਾਉ ਹੈ, ਜਿਸ ਨੂੰ ਕਥਾ ਆਖਦੇ ਹਨ। ਇਸ ਨਾਲ ਬਾਣੀ ਦੇ ਅਰਥ ਭਾਵ ਦੀ ਸਮਝ ਵਧਦੀ ਹੈ, ਪਰਮਾਰਥਕ ਵਿਦਯਾ ਦੇ ਭੇਤ ਖੁਲ੍ਹਦੇ ਹਨ। ਵਾਹਿਗੁਰੂ ਦੇ ਧਯਾਨ ਅਰ ਭਗਤੀ ਦੀ ਸੋਝੀ ਪੈਂਦੀ ਹੈ ਅਤੇ ਵਾਹਿਗੁਰੂ ਜੀ ਵਲ ਰੁਚੀ ਤੇ ਰੁਖ ਵਧੇਰੇ ਝੁਕਾਓ ਖਾਂਦਾ ਹੈ।

{ਬਾਬਾ ਨੌਧ ਸਿੰਘ - ਪੰਨਾ ੩੦੮-੩੦੯}

359. ਪ੍ਰਯੋਜਨ ਅਮਰੀ ਇਹ ਹੈ ਕਿ ਹਰ ਸ਼ੈ ਖਿੜੇ, ਆਪਣੇ ਕਮਾਲ ਨੂੰ ਅਪੜੇ। ਇਨਸਾਨ ਇਸ ਵੇਲੇ ਜਗਤ ਵਿਚ ਆਪਣੇ ਕਮਾਲ ਤੇ ਨਹੀਂ ਹੈ। ...... ਆਦਮੀ ਯਾ ਮਾਰ ਖਾ ਰਿਹਾ ਹੈ, ਯਾ ਮਾਰ ਦੇ ਰਿਹਾ ਹੈ, ਅਗੰਮੀ ਖੇੜੇ ਵਿਚ ਲਹਿਲਹਾਉਂਦਾ, ਅਪਣੇ ਇਨਸਾਨੀ ਕਮਾਲ

ਵਿਚ ਝੂਮਦਾ ਇਨਸਾਨ ਨਹੀਂ ਦਿਸਦਾ........'ਤ੍ਰਿਸ਼ਨਾ ਰਹਿਤ ਮਰਦਊ' ਤੇ 'ਇਨਸਾਨੀਅਤ' ਦੇ ਆਦਰਸ਼ ਉਤੇ ਹੁਲਾਰਾ ਨਾ ਖਾਵੇ।........ਹਉਂ ਨਾ ਹੋਵੇ ਫੇਰ ਮਰਦਊ ਹੋਵੇ, ਮਰਦਊ ਹੋਵੇ ਫੇਰ ਇਨਸਾਨੀਅਤ ਹੋਵੇ, ਇਹ ਕਮਾਲ ਦਾ 'ਕਮਾਲ' ਹੈ।

{ਕਲਗੀਧਰ ਚਮਤਕਾਰ, ਪੰਨਾ ੮ ਤੋਂ ੧੦}

360. 'ਸੁਰਤ ਕਰਨ ਬਲਵਾਨ' ਸਿਖੀ ਮੂਲ ਹੈ,
'ਚੜ੍ਹਦੀ ਕਲਾ' ਨਿਵਾਸ ਅੰਦਰ ਰਖਣਾ;
'ਕਿਸੇ ਭਾਵ ਦੇ ਹੇਠ ਸੁਰਤ ਨ ਲਾਵਣੀ
'ਕਿਸੇ ਦੂਏ ਦੇ ਹੇਠ ਸੁਰਤ ਨ ਦੇਵਣੀ,
'ਦ੍ਰਿਸ਼ਟਾ ਰੁਖ ਵਿਚ ਉੱਠ ਉੱਚੇ ਵੱਸਣਾ,

{ਰਾਣਾ ਸੂਰਤ ਸਿੰਘ, ਪੰਨਾ ੨੨੯}

361. ਵਿਛ ਜਾ ਵਾਙ ਦੁਲੀਚੇ ਦਰਿ ਤੇ,
ਵਿਛਿਆ ਰਹੁ, ਮਨ! ਵਿਛਿਆ ਰਹੁ,
ਜ਼ੋਰ ਨ ਕੋਈ, ਹਠ ਨ ਰੱਤੀ,
ਆਪਾ ਭੇਟਾ ਧਰਕੇ ਬਹੁ,
ਧਰਤੀ ਜਿਵੇਂ ਵਿਛੀ ਧਰਿ ਆਸ਼ਾ
ਮਿਹਰਾਂ ਮੀਂਹ ਉਡੀਕਾਂ ਵਿਚ,
ਮਿਹਰਾਂ-ਮੀਂਹ ਵਸਾਵਣ ਵਾਲਾ
ਤ੍ਰੁਠਸੀ ਆਪੇ ਤੇਰਾ ਸ਼ਹੁ।

{ਮੇਰੇ ਸਾਈਆਂ ਜੀਓ, ਪੰਨਾ-੩}

362. ਨਾਮ ਸਜਣ ਦਾ ਜੀਭ ਚੜ੍ਹ ਗਿਆ, ਜਾਂ ਸਜਣ ਉਠ ਤੁਰਿਆ
ਮਲ ਲਏ ਦੋ ਨੈਣ ਧਜਾਨ ਨੇ, ਸਬਕ ਰਜ਼ਾ ਦਾ ਫੁਰਿਆ
ਬਿਰਹੋਂ ਦੇ ਹਥ ਸੌਂਪ ਅਸਾਨੂੰ ਜੇ ਸਜਨ! ਤੂੰ ਰਾਜ਼ੀ
ਯਾਦ ਤੁਸਾਡੀ ਛੁਟੇ ਨ ਸਾਥੋਂ, ਪਯਾਰ ਰਹੇ ਲੂੰ ਪੁੜਿਆ! ॥੪੪

{ਲਹਿਰਾਂ ਦੇ ਹਰ, ਪੰਨਾ ੩੧}

 www.sikhbookclub.com

363. ਲੱਗੇ ਪਜਾਰ ਤਾਂ ਪਯਾਰੜਾ ਪਾਸ ਵੱਸੇ,
ਕਦੇ ਅੱਖੀਆਂ ਤੋਂ ਨਾ ਹੋਇ ਉਹਲੇ,
ਕਦੇ ਅੱਖੀਆਂ ਤੋਂ ਜੇ ਹੋਇ ਉਹਲੇ,
ਸੂਰਤ ਓਸਦੀ ਦਿਲੋਂ ਨ ਹੋਇ ਉਹਲੇ,
ਸੂਰਤ ਓਸਦੀ ਦਿਲੋਂ ਜੇ ਹੋਇ ਉਹਲੇ,
ਨਾਮ ਜੀਭ ਤੋਂ ਕਦੇ ਨਾ ਹੋਇ ਉਹਲੇ,
ਨਾਮ ਜੀਭ ਤੋਂ ਕਦੇ ਜਿ ਹੋਇ ਉਹਲੇ,
ਸੁਰਤ ਦੇਹ ਤੋਂ ਸ਼ਾਲਾ! ਤਦ ਹੋਇ ਉਹਲੇ।
{ਲਹਿਰ ਹੁਲਾਰੇ, ਪੰਨਾ ੩੧}

364. ਸਿਖ ਦੀ ਭਾਵਨਾ ਐਉਂਦੀ ਚਾਹੀਦੀ ਹੈ ਕਿ-
ਰਸਨਾਂ ਰਹੇ ਰੰਗ ਵਿਚ, ਮਨੂਆਂ ਰਹੇ ਮੰਗ ਵਿਚ,
ਪਿਆਰ ਰਹੇ ਉਮੰਗ ਵਿਚ, ਗੁਰੂ ਅੰਗ ਸੰਗ ਹੈ,
ਰਹੇ ਅੰਗ ਸੰਗ ਉਹ, ਹੋਇਗਾ ਦਿਆਲ ਤਾਂ ਦੇਇਗਾ ਬੁਲਾਇਕੇ।
{ਅਸ਼ਟ ਗੁਰ ਚਮਤਕਾਰ, ਪੰਨਾ ੧੩}

365. ਰਜ਼ਾ ਮਾਲਕ ਦੀ......ਹੱਛਾ, ਬਾਣੀ ਨਾ ਵਿਸਰੇ, ਨਾਮ ਨ ਭੁਲੇ, ਧਿਆਨ ਰਹੇ ਚਰਨਾਂ ਵਲ, ਰਜ਼ਾ ਲੱਗੇ ਮਿੱਠੀ। ਇਹ ਚਾਰ ਅਖਰ ਹਨ ਜੋ ਪਕਾਈਏ ਤਾਂ ਵਿਛੁੜਕੇ ਭੀ ਨਹੀਂ ਵਿਛੁੜੀਦਾ।
{ਅਸ਼ਟ ਗੁਰ ਚਮਤਕਾਰ, ਪੰਨਾ ੮}

366. ਗੁਰੂ ਨਾਨਕ ਨੇ ਇਹੁ ਮੱਤ ਦਿੱਤੀ ਏ, ਜਗ ਵਿਚ ਵਸੋ ਵੈਰਾਗ ਵਿਚ ਰਸੋ, ਜਾਣੋ ਗਯਾਨ ਨਾਲ, ਜੁੜੋ ਪ੍ਰੇਮ ਨਾਲ ਤੇ ਖਿੜੇ ਰਹੋ ਮਿੱਠੇ ਮਿੱਠੇ ਉਮਾਹ ਵਿਚ।
{ਅਸ਼ਟ ਗੁਰ ਚਮਤਕਾਰ, ਪੰਨਾ ੧੦}

367. **ਆਤਮਾਂ**— 'ਤੂੰ ਏਹ ਸਰੀਰ ਨਹੀਂ ਹੈਂ, ਤੂੰ ਆਂਤਮਾ ਹੈਂ'..... ਤੂੰ ਸਰੀਰ ਤੋਂ ਵਖਰੀ ਹੈਂ, ਤੂੰ ਸਰੀਰ ਤੋਂ ਉੱਚੀ ਹੈਂ, ਸਰੀਰ ਨਾ ਰਹੇ ਤੂੰ ਤਾਂ ਬੀ ਹੋਵੇਂਗੀ। ਤੂੰ ਜੇ ਨਿਰਾ ਸਰੀਰ ਹੋਵੇਂ ਤਾਂ ਹਸ ਖੇਡ ਖਾ ਪੀ ਛਡਿਆ ਕਰ, ਪਰ ਤੂੰ ਆਤਮਾ ਹੈਂ, ਆਪ ਨੂੰ ਪਛਾਣਿਆਂ ਕਰ, ਦੂਜਿਆਂ ਵਿਚ ਆਪਣੇ ਵਰਗੀ ਆਤਮਾ ਵੇਖਿਆ ਕਰ! ਦੌਲਤ ਤੇ ਸਰੀਰ ਪਰਦੇ

ਹਨ ਜੋ ਆਪਣੇ ਆਪ ਨੂੰ ਆਤਮਾ ਦਿੱਸਣ ਨਹੀਂ ਦੇਂਦੇ, ਇਨ੍ਹਾਂ ਪੜਦਿਆਂ ਨੂੰ ਪਾੜ ਕੇ ਆਤਮਾ ਵੇਖਿਆ ਕਰ! ਤੂੰ ਬਹੁਤ ਉੱਚੀ ਹੈਂ, ਪਰ ਆਪਣੇ ਲਈ ਜਿਕੂੰ ਸੁਖ ਲੈਂਦੀ ਹੈ, ਤਿਕੂੰ ਸੁਖ ਦਿਆ ਬੀ ਕਰ' ... ... ... ਤੂੰ ਆਤਮਾ ਹੈਂ, ਤੂੰ ਜ਼ਮੀਨ ਤੇ ਟੁਰਨ ਵਾਲੀ ਨਹੀਂ। ਤੂੰ ਪੰਛੀਆਂ ਵਾਂਙੂੰ ਕਿਸੇ ਹੋਰ ਅਕਾਸ਼ ਦੀ ਉੱਡਣ ਵਾਲੀ ਹੈਂ। ਤੂੰ ਮਿੱਟੀ, ਮਾਸ, ਹੱਡੀ, ਲਹੂ ਨਹੀਂ, ਤੂੰ ਚਾਨਣੇ ਵਾਂਙੂੰ ਜਯੋਤ ਸਰੂਪ ਹੈਂ, ਨਿਰੀ ਰੋਣ ਪਿਟਣ, ਹੱਸਣ, ਖੇਡਣ ਵਾਲੀ ਨਹੀਂ, ਪਰ ਸਦਾ ਸੁਖੀ, ਸਦਾ ਅਨੰਦ ਹੈ।.....ਤੂੰ ਆਤਮਾ ਹੈਂ, ਤੇਰੇ ਵਿਚ ਮੋਹ ਨਹੀਂ ਹੈ, ਤੇਰੇ ਵਿਚ ਲੱਬ ਨਹੀਂ ਹੈ, ਤੂੰ ਮੰਗਣ ਵਾਲੀ ਨਹੀਂ, ਤੂੰ ਤਾਂ ਦਾਤੀ ਹੈਂ ਤੂੰ ਸਭ ਨੂੰ ਇਕ ਸਾਰ ਪਿਆਰ ਕਰਨ ਵਾਲੀ ਹੈਂ। ਹਾਂ ਤੂੰ ਅਚਾਹ ਹੈਂ, ਤੂੰ ਉਚੀ ਹੈਂ, ਆਪ ਨੂੰ ਪਛਾਣ.....ਤੂੰ ਆਤਮਾ ਹੈਂ, ਹਾਂ ਜਿਵੇਂ ਤੂੰ ਤੀਰ ਨਹੀਂ, ਤੂੰ ਤੀਰ ਕਮਾਨ ਨਹੀਂ ਪਰ ਤੂੰ ਤੀਰ ਚਲਾਉਣ ਵਾਲੀ ਹੈਂ। ਤੂੰ ਰੋਟੀ ਨਹੀਂ ਤੂੰ ਖਾਣ ਵਾਲੀ ਹੈਂ। ਤੂੰ ਦੇਹਿ ਨਹੀਂ ਦੇਹੀ ਦੀ ਟੋਰਨ ਵਾਲੀ ਹੈਂ। ਤੂੰ ਮਨ ਨਹੀਂ ਪਰ ਮਨ ਨੂੰ ਹਾਂਕਣ ਵਾਲੀ ਹੈਂ। ਤੂੰ ਆਪੇ ਕਹਿੰਦੀ ਹੁੰਦੀ ਹੈਂ ਕਿ ਨਹੀਂ, 'ਮੇਰਾ ਮਨ ਅਜ ਖੁਸ਼ ਹੈ, 'ਅੱਜ ਦਿਲਗੀਰ ਹੈ।' ਸੋ ਤੂੰ ਮਨ ਨਹੀਂ, ਪਰ ਮਨ ਦੀ ਮਾਲਕ ਹੈਂ, ਹਾਂ ਤੂੰ ਚਰਖਾ ਨਹੀਂ, ਪਰ ਚਰਖੇ ਨੂੰ ਕਤਣ ਵਾਲੀ ਹੈਂ। ਤੂੰ ਸੁੰਦਰ ਨਹੀਂ ਪਰ ਸੁੰਦਰਤਾ ਤੈਥੋਂ ਨਿਕਲਦੀ ਹੈ। ਤੂੰ ਧੁਪ ਨਹੀਂ ਪਰ ਸੂਰਜ ਹੈਂ। ਤੂੰ ਚਾਂਦਨੀ ਨਹੀਂ, ਪਰ ਚੰਦ ਹੈਂ। ਤਿਵੇਂ ਤੂੰ ਦੇਹ ਨਹੀਂ ਪਰ ਆਤਮਾ ਹੈਂ.........ਤੂੰ ਇਕਲੀ ਨਹੀਂ ਹੈਂ, ਤੇਰੇ ਨਾਲ ਨਿਰੰਕਾਰ ਹੈ..............ਮੈਂ ਆਤਮਾ ਹਾਂ, ਪ੍ਰਮਾਤਮਾ ਮੇਰੇ ਨਾਲ ਹੈ। ਤੂੰ ਆਤਮਾ ਹੈਂ ਪ੍ਰਮਾਤਮਾ ਤੇਰੇ ਨਾਲ ਹੈ। ..............ਪ੍ਰਮਾਤਮਾ ਹਰਦਮ ਤੇਰੇ ਨਾਲ ਹੈ, ਤੂੰ ਉਸ ਵਲ ਨਹੀਂ ਤਕਦੀ, ਉਹ ਤੈਨੂੰ ਦੇਖਦਾ ਹੈ। ਤੂੰ ਸੌਂ ਜਾਂਦੀ ਹੈਂ। ਉਹ ਜਾਗਦਾ ਹੈ, ਤੂੰ ਜੋ ਕਰਦੀ ਹੈਂ ਉਹ ਦੇਖਦਾ ਹੈ, ਜੋ ਸੋਚਦੀ ਹੈਂ ਉਹ ਜਾਣਦਾ ਹੈ। ਪਰ ਤੂੰ ਉਸਨੂੰ ਨਹੀਂ ਦੇਖਦੀ ਨਾ ਜਾਣਦੀ।

{ਪਯਾਰੇ ਦਾ ਪਯਾਰਾ - ਗੁਰ ਨਾਨਕ ਚਮਤਕਾਰ -
ਪੰਨਾ ੩੬੬ ਤੋਂ ੩੬੯ ਤਕ}


www.sikhbookclub.com

368. ਅਸਲ ਗਲ, ਜੋ ਗੁਰਮਤ ਦੀ ਹੈ, ਇਹ ਹੈ ਕਿ ਜੀਵ ਰੂਪੀ ਪੰਛੀ ਦਾਣਿਆਂ ਰੂਪੀ ਪਦਾਰਥਾਂ ਦੇ ਚੋਗੇ ਦੇ ਮਗਰ ਭਜੇ ਫਿਰਦੇ ਹਨ। ਪਰ ਹੰਸ ਰੂਪੀ ਉਤਮ ਪੁਰਖ 'ਸ਼ਬਦ' ਰੂਪੀ ਮੋਤੀ ਦੀ ਚੋਗ ਚੁਗਦਾ ਹੈ। ਸ਼ਬਦ ਰੂਪੀ ਰਤਨ ਗੁਰੂ ਰੂਪੀ ਸਾਗਰ ਵਿਚ ਹੁੰਦਾ ਹੈ। ਉਹ ਗੁਰੂ ਤੋਂ ਇਹ ਰਤਨ ਲੈ ਕੇ ਕਮਾਈ ਕਰਦਾ ਹੈ। ਇਸ ਕਮਾਈ ਨਾਲ ਉਸ ਵਿਚ ਸਾਰ ਅਸਾਰ ਨੂੰ ਨਖੇੜਨ ਦੀ ਵਿਤ੍ਰੇਕ ਬੁਧਿ ਹੋ ਆਉਂਦੀ ਹੈ। ਸਾਰ ਨੂੰ ਉਹ ਗ੍ਰਹਿਣ ਕਰਦਾ ਹੈ ਤੇ ਅਸਾਰ ਨੂੰ ਤਜਾਗਦਾ ਹੈ। ਗੁਰੂ ਬਾਬੇ ਨੇ ਆਖਿਆ ਸੀ '**ਗੁਰ ਸਾਗਰੁ ਰਤਨੀ ਭਰਪੂਰੇ॥ ਅੰਮ੍ਰਿਤੁ ਸੰਤ ਚੁਗਹਿ ਨਹੀ ਦੂਰੇ॥**' (ਧਨਾ: ਮ: ੧, ਪੰ: ੬੮੫) ਗੁਰ ਸਾਗਰ ਹੈ, ਸ਼ਬਦ ਰੂਪੀ ਮੋਤੀ ਤੇ ਹੋਰ ਗੁਣ ਉਸ ਵਿਚ ਭਰੇ ਪਏ ਹਨ। ਹੰਸ ਰੂਪੀ ਸੰਤ ਲੋਕ ਉਸ ਵਿਚੋਂ ਅੰਮ੍ਰਿਤ ਗ੍ਰਹਿਣ ਕਰਦੇ ਹਨ ਤੇ ਦੂਰ ਨਹੀਂ ਜਾਂਦੇ। ਅਰਥਾਤ ਸ਼ਬਦ ਦੀ ਕਮਾਈ ਨਾਲ ਉਸ ਹੰਸ ਵਰਗੇ ਉੱਜਲ ਸੰਤ ਵਿਚ ਸਾਰ ਅਸਾਰ ਨਖੇੜਵੀਂ ਬੁਧਿ ਉਪਜਦੀ ਹੈ। ਸਾਰ ਅਮਰ ਹੈ, ਸੋ ਅਮਰ ਵਸਤੂ ਨੂੰ ਉਹ ਗ੍ਰਹਿਣ ਕਰਦਾ ਹੈ।

ਨਿਖੇੜਵੀ ਬੁਧੀ ਕੀਹ ਹੈ? ਉਹ ਲਖ ਲੈਂਦਾ ਹੈ ਕਿ ਮੈਂ ਦੇਹ ਤੋਂ ਵੱਖਰਾ ਹਾਂ। ਜਿਵੇਂ ਬਦਾਮ ਦੇ ਖੋਲ ਵਿਚ ਬਦਾਮ ਦੀ ਗਿਰੀ ਵਖਰੀ ਹੁੰਦੀ ਹੈ। ਇਕੱਠੇ ਹੋਣ ਕਰਕੇ-ਭਾਸਦੇ ਇਕੱ ਹਨ।

{ਅਸ਼ਟ ਗੁਰ ਚਮਤਕਾਰ, ਪੰਨਾ ੧੧੯}

ਨੋਟ: ਹੁਣ ਭਾਈ ਵੀਰ ਸਿੰਘ ਜੀ ਦੇ ਉਹ ਖ਼ਿਆਲ ਸ਼ੁਰੂ ਹੁੰਦੇ ਹਨ ਜੋ ਗਾਹੇ ਬਗਾਹੇ ਖਾਲਸਾ ਸਮਾਚਾਰ ਵਿਚ ਛਪਦੇ ਰਹੇ ਹਨ।

369. ਨਾਮ ਨਾ ਭੁੱਲੇ ਸਤਗੁਰ ਨਾਨਕ ਮਿੱਠਾ ਮਿੱਠਾ ਲਗੇ। ਓਹ ਜੋ ਕਦੇ ਮਾਤਾ ਤ੍ਰਿਪਤਾ ਜੀ ਦੇ ਗ੍ਰਿਹ ਪ੍ਰਗਟਿਆ ਸੀ, ਉਹ ਨੂਰ ਨੈਣਾਂ ਦੇ ਵਿਚ ਸਮਾਇਆ ਰਹੇ।

370. ਜਦੋਂ ਕੋਈ ਵਿਵਰਜਿਤ ਕੰਮ ਹੋ ਜਾਏ, ਉਸ ਨੂੰ ਸਿੱਧ ਕਰਨ ਦੀ ਕੋਸ਼ਿਸ਼ ਨਾ ਕਰੋ। ਗਲਤੀ ਪਰ ਪਛਤਾਵਾ ਕਰੋ, ਤੇ ਅਗੋਂ ਨੂੰ ਨਾ ਕਰਨ ਦਾ ਇਕਰਾਰ ਕਰੋ ਤੇ ਵਾਹਿਗੁਰੂ ਅੱਗੇ ਅਰਦਾਸ ਕਰੋ ਮਾਫ਼ੀ

ਲਈ। ਜੇ ਫਿਰ ਵੀ ਏਦਾਂ ਹੀ ਹੋ ਜਾਵੇ, ਤਾਂ ਫਿਰ ਏਸੇ ਤਰ੍ਹਾਂ ਕਰੋ। ਵਾਹਿਗੁਰੂ ਬਖ਼ਸ਼ਿਸ਼ ਕਰਕੇ ਸਾਨੂੰ ਬਲ ਦੇਣਗੇ, ਤੇ ਆਖ਼ਰਕਾਰ ਸਾਡੀ ਰੂਹ ਮਾੜੇ ਕਰਮ ਕਰਨ ਤੇ ਜਿੱਤ ਪਾ ਜਾਵੇਗੀ ਤੇ ਸਾਡੀ ਕਮਜ਼ੋਰੀ ਹਟ ਜਾਵੇਗੀ। ਇਉਂ ਅਸੀਂ ਸਾਂਈਂ ਦੇ ਦਰਬਾਰ ਵਿਚ ਸੁਰਖ਼ਰੂ ਹੋ ਕੇ ਜਾਵਾਂਗੇ।

371. ਉਠਦੇ ਬਹਿੰਦੇ ਟੁਰਦੇ ਫਿਰਦੇ ਵਾਹਿਗੁਰੂ ਦਾ ਸਿਮਰਣ ਜਾਰੀ ਰੱਖ।
(ਖਾ.ਸ. ੧੭-੫-੧੯੮੪)

372. ਪਰਮਾਤਮਾ ਸਰਬ ਵਿਆਪੀ ਸ਼ਕਤੀ ਹੈ, ਉਸ ਨੂੰ ਪਾਇਆ ਨਹੀਂ ਜਾ ਸਕਦਾ ਉਸ ਵਿਚ ਸਮਾਇਆ ਜਾ ਸਕਦਾ ਹੈ।

373. ਅਸੀਂ ਸਤਿਸੰਗੀ ਹੋਵੀਏ ਤਾਂ ਸਾਨੂੰ ਸੁਮੱਤਿ ਮਿਲਦੀ ਹੈ ਕਿ ਸਾਰੀ ਸੁੰਦਰਤਾ ਸਾਂਈਂ ਦਾ ਪ੍ਰਕਾਸ਼ ਹੈ।

374. ਸੰਸਾ ਨਾ ਕਰ ਗੁਰੂ ਤੇ, ਉਹ ਦਾਤਾ ਹੈ, ਸੰਸਾ ਨਾ ਕਰ ਆਪਣੇ ਤੇ ਤੂੰ ਸੱਚ ਤੇ ਤੁਰਨ ਵਾਲਾ ਹੈਂ, ਭੁਲ ਚੁਕ ਗੁਰੂ ਬਖ਼ਸ਼ੇ।

375. ਦਿਸਦਾ ਸੰਸਾਰ ਸਭ ਕਿਸੇ ਨੂੰ ਮਿੱਠਾ ਹੈ ਪਰ ਅਣਦਿਸਦਾ ਸੰਸਾਰ ਕਿਸੇ ਨੂੰ ਪਿਆਰਾ ਨਹੀਂ, ਕਿਉਂਕਿ ਦਿਸਦਾ ਨਹੀਂ, ਪਰ ਜੀਵਨ ਆਧਾਰ ਉਹੀ ਹੈ। ਦੇਖੋ ਹਵਾ ਦਿਸਦੀ ਨਹੀਂ, ਪਰ ਸਰੀਰ ਦਾ ਸਾਰਾ ਆਸਰਾ ਪਉਣ ਹੈ।

376. ਵਾਹਿਗੁਰੂ ਨਾਲ ਜੁੜੇ ਬਿਨਾਂ ਜੀਵਨ ਬਿਰਥਾ ਜਾ ਰਿਹਾ ਹੈ, ਸੋ ਭਾਲ ਕਰੋ ਤੇ ਉਸ ਨੂੰ ਪਾਉ, ਫੇਰ ਪੜ੍ਹੋ ਤੇ ਪੜ੍ਹਾਉ ਉਸ ਤੋਂ ਮਨ ਨੂੰ ਅੱਡ ਰੱਖ ਕੇ ਕਰਮ ਕਰਨੇ ਸਾਰੇ ਬਿਰਥਾ ਕਰਮ ਹਨ।
(ਖਾ.ਸ. ੫-੧-੧੯੮੬)

377. ਜੇ ਅਕਲ ਪਾਪਾਂ ਨਾਲ ਭਰ ਜਾਵੇ ਤਾਂ ਉਹ 'ਨਾਮ' ਦੀ ਰੰਗਣ ਨਾਲ ਧੋਤੀ ਜਾਂਦੀ ਹੈ।


www.sikhbookclub.com

378. ਅਸੀਂ (ਸਿੱਖ) ਇਕ ਪਾਰਬ੍ਰਹਮ ਪਰਮੇਸ਼ਰ ਵਿਚ ਸਦਾ ਅਹਿਨਿਸ ਅਨਹਤ (ਨਾ ਟੁੱਟਣ ਵਾਲੀ) ਲਿਵ ਲਾਈ ਰਖਣੀ ਚਾਹੁੰਦੇ ਹਾਂ। ਜਦੋਂ ਇਕ ਪ੍ਰਮਾਤਮਾਂ ਵਿਚ ਲਿਵ ਲਗੀ ਰਹੇਗੀ ਤਾਂ ਹੋਰ ਸਾਰੇ ਪਸਾਰੇ ਨਾਲੋਂ ਆਪੇ ਮਨ ਉਪਰਾਮ ਰਹੇਗਾ।

379. ਭਾਈ ਸਿਖੋ! ਗ੍ਰੈਹ ਤੇ ਸ਼ਗਨ ਅਪਸ਼ਗਨ ਉਨ੍ਹਾਂ ਲੋਕਾਂ ਲਈ ਹਨ ਜਿਨ੍ਹਾਂ ਨੂੰ ਵਾਹਿਗੁਰੂ ਚਿਤ ਨਹੀਂ ਆਉਂਦਾ, ਗ਼ਾਫ਼ਲ ਲੋਕ ਹਨ। ਜੋ ਹਰਿ ਸਿਮਰਨ ਦੁਵਾਰਾ ਆਪਣੇ ਪ੍ਰਭੂ ਨੂੰ ਭਾ ਗਿਆ ਹੈ ਉਸ ਦੇ ਤਾਂ ਜਮ ਬੀ ਨੇੜੇ ਨਹੀਂ ਢੁਕਦਾ। **"ਸਗੁਨ ਅਪਸਗੁਨ ਤਿਸ ਕਉ ਲਗਹਿ ਜਿਸ ਚੀਤਿ ਨ ਆਵੈ"**
(ਆਸਾ.ਮ. ੫, ਪੰਨਾ ੪੦੧)

380. ਸੁਤੰਤਰ ਉਹ ਹੈ ਜਿਸ ਦੀ ਆਤਮਾ ਕਲਗੀਆਂ ਵਾਲੇ ਦੀ ਗ਼ੁਲਾਮੀ ਵਿਚ ਉਸ ਦੇ ਚਰਨਾਂ ਨਾਲ ਲਿਵ ਲਾਈ ਦੁਨੀਆਂ ਦੇ ਕੰਮ ਕਰ ਰਹੀ ਹੈ।

381. ਜਿਨ੍ਹਾਂ ਦੇ ਸੀਨੇ ਵਿਚ ਪਿਆਰੇ ਦੀ ਖਿੱਚ ਹੈ ਉਹ ਆਰਾਮ ਨਾਲ ਨਹੀਂ ਬਹਿ ਸਕਦੇ ਤੇ ਉਨ੍ਹਾਂ ਦਾ ਮਿਲਾਪ ਤੋਂ ਪਹਿਲਾਂ ਕਿਤੇ ਠਹਿਰਨਾ ਅਸੰਭਵ ਹੈ। (ਹਾਂ ਜੀ! ਦੇਖੋ ਕਵੀ ਜੀ ਕੀ ਕਹਿੰਦੇ ਹਨ)

**ਚਸ਼ਮਾਂ:**

**ਇੱਛਾਬਲ ਤੇ ਡੂੰਘੀਆਂ ਸ਼ਾਮਾਂ।**

**ਪ੍ਰਸ਼ਨ:-**
ਸੰਝ ਹੋਈ ਪਰਛਾਵੇਂ ਛੁਪ ਗਏ
ਕਿਉਂ ਇੱਛਾਬਲ! ਤੂੰ ਜਾਰੀ?
ਨੈਂ ਸਰੋਦ ਕਰ ਰਹੀ ਉਵੇਂ ਹੀ
ਤੇ ਟੁਰਨੋਂ ਬੀ ਨਹਿੰ ਹਾਰੀ,
ਸੈਲਾਨੀ ਤੇ ਪੰਛੀ ਮਾਲੀ
ਹਨ ਸਭ ਅਰਾਮ ਵਿਚ ਆਏ,

 www.sikhbookclub.com

ਸਹਿਮ ਸੁਾਦਲਾ ਛਾ ਰਿਹਾ ਸਾਰੇ
ਤੇ ਕੁਦਰਤ ਟਿਕ ਗਈ ਸਾਰੀ।

**ਚਸ਼ਮੇ ਦਾ ਉਤਰ:-**
ਸੀਨੇ ਖਿੱਚ ਜਿਨ੍ਹਾ ਨੇ ਖਾਧੀ
ਓ ਕਰ ਅਰਾਮ ਨਹੀਂ ਬਹਿੰਦੇ
ਨਿਹੁੰ ਵਾਲੇ ਨੈਣਾਂ ਦੀ ਨੀਂਦਰ?
ਓ ਦਿਨੇ ਰਾਤ ਪਏ ਵਹਿੰਦੇ।
ਇਕੋ ਲਗਨ ਲਗੀ ਲਈ ਜਾਂਦੀ
ਹੈ ਟੋਰ ਅਨੰਤ ਉਨ੍ਹਾਂ ਦੀ,-
ਵਸਲੋਂ ਉਰੇ ਮੁਕਾਮ ਨ ਕੋਈ,
ਸੋ ਚਾਲ ਪਏ ਨਿਤ ਰਹਿੰਦੇ।
(ਮਟਕ ਹੁਲਾਰੇ, ਪੰਨਾ ੬੩-੬੪)

382. ਪਰਮਾਤਮਾ ਦਾ ਸਿਮਰਨ ਉਹ ਕਰ ਸਕਦਾ ਹੈ, ਜੋ ਗੁਰੂ ਸੇਵਾ ਵਿਚ ਪਰਬੀਨ ਅਤੇ ਗੁਰਮਤ ਦਾ ਧਾਰਨੀ ਹੋਵੇ।

383. ਜੋ ਪੁੰਨ ਕਰਮੀ ਹੋਵੇ ਉਹ ਸੁਰਗ ਵਿਚ ਜਾਂਦਾ ਹੈ, ਤੇ ਜੋ ਨਾਮ ਰਸੀਆ ਹੋਵੇ ਉਹ ਰੱਬੀ ਜੋਤਿ ਵਿਚ ਲੀਨ ਹੋਂਦਾ ਹੈ।

384. ਜਾਪ ਇਉਂ ਹੈ ਜਿਵੇਂ ਬੱਚਾ ਆਪਣੇ ਪਿਤਾ ਨੂੰ ਆਵਾਜ਼ਾਂ ਮਾਰੇ, ਅਤੇ ਸਿਮਰਨ ਇਉਂ ਜਿਵੇਂ ਪਿਤਾ ਨੂੰ ਗਲਵੱਕੜੀ ਪਾ ਲਵੇ।

385. ਇਹ ਸਿੱਖੀ ਪ੍ਰੇਮ ਦਾ ਮਾਰਗ ਹੈ। ਜਿਵੇਂ ਬਾਹਰਲੇ ਸਮਾਨਾਂ ਤੇ ਸੱਜਣਾਂ ਵਿਚ ਅਸੀਂ ਕਿਸੇ ਲਗਨ ਯਾ ਰਾਗ ਨਾਲ ਲੱਗੇ ਪਏ ਹਾਂ, ਇਸੇ ਤਰ੍ਹਾਂ ਅੰਦਰਲੇ ਦੀ ਲਗਨ ਯਾ ਰਾਗ ਨਾਲ ਵਾਹਿਗੁਰੂ ਜੀ ਨਾਲ ਲੱਗਾਂਗੇ। (ਖਾ.ਸ.੧੧-੭-੧੯੮੫)

386. ਬਾਣੀ ਪੜ੍ਹਦਿਆਂ ਹਰ ਸੁਆਸ ਇਹ ਚੇਤਾ ਨਾ ਭੁੱਲੇ ਕਿ ਵਾਹਿਗੁਰੂ ਪਿਆਰਾ ਸਾਡੀ ਬਾਣੀ ਸੁਣ ਰਹਿਆ ਹੈ- ਅਸੀਂ ਅੰਨ੍ਹੇ ਖੂਹ ਵਿਚ ਵੱਟੇ ਨਹੀਂ ਪਾ ਰਹੇ।

387. ਮੌਤ ਪਿਛੋਂ ਜਮ ਮਾਰਗ ਵਿਚ ਸ਼ੁਭ ਕਰਮ ਤੇ ਨਾਮ ਹੀ ਜੀਵ ਦੀ ਸਹਾਇਤਾ ਕਰਦੇ ਹਨ, ਪਦਾਰਥ ਨਹੀਂ।

388. ਜਿਵੇਂ ਸੂਰਜ ਦੀ ਤਪਸ਼ ਨੂੰ ਸੀਤਲ ਜਲ ਮਿਟਾ ਦੇਂਦਾ ਹੈ ਇਸੇ ਤਰ੍ਹਾਂ ਹਿਰਦੇ ਦੀ ਤਪਸ਼ ਨੂੰ ਪਰਮਾਤਮਾ ਦਾ ਸਿੰਮ੍ਰਨ।

389. ਸੰਸਾਰ ਵਿਚ ਸਾਰੇ ਦੁਖਾਂ ਦਾ ਮੂਲ ਕਾਰਨ ਮੇਰ ਤੇਰ ਹੈ, ਜੋ ਇਸ ਤੋਂ ਉਚਾ ਹੋਵੇ ਉਹ ਸਦਾ ਖੇੜੇ ਵਿਚ ਰਹਿੰਦਾ ਹੈ।

390. ਜਾਣਦਾ ਹਰ ਕੋਈ ਹੈ ਕਿ ਇਸ ਦੁਨੀਆਂ ਤੇ ਨਹੀਂ ਰਹਿਣਾ, ਪਰ ਇਸ ਗਲ ਨੂੰ ਮਨ ਵਿਚ ਵਿਰਲਾ ਵਸਾਂਦਾ ਹੈ।

391. ਜੋ ਅੰਮ੍ਰਿਤ ਵੇਲੇ ਜਾਗੇ, ਰੱਬ ਨੂੰ ਯਾਦ ਰੱਖੇ ਅਤੇ ਕਿਸੇ ਦਾ ਵੀ ਬੁਰਾ ਨਾ ਚਿਤਵੇ, ਉਸ ਦੇ ਸੁਆਸ ਸੌਖੇ ਨਿਕਲਦੇ ਹਨ।

392. ਅਸੀਂ ਸਤਿਸੰਗੀ ਹੋਵੀਏ ਤਾਂ ਸਾਨੂੰ ਸੁਮੱਤਿ ਮਿਲਦੀ ਹੈ ਕਿ ਸਾਰੀ ਸੁੰਦਰਤਾ ਸਾਂਈਂ ਦਾ ਪ੍ਰਕਾਸ਼ ਹੈ।
(ਖਾ.ਸ. ੫-੨-੧੯੮੯)

393. ਮਨ ਜਦ ਕੱਠਾ ਹੋ ਜਾਵੇ ਤਾਂ ਬਲਵਾਨ ਹੋ ਜਾਂਦਾ ਹੈ। ਜਿਸ ਸ਼ੈ ਤੇ ਜੁੜੇ ਉਹ ਪ੍ਰਾਪਤ ਹੋਣ ਲਗ ਪੈਂਦੀ ਹੈ, ਪਰ ਮਨ ਦਾ ਨਿਰਮਲ ਹੋ ਕੇ ਆਪੇ ਦੇ ਰਸ ਤੇ ਵਾਹਿਗੁਰੂ ਦੇ ਰਸ ਵਿਚ ਅੰਮ੍ਰਿਤ ਪੀਣ ਵਾਲਾ ਰਸੀਆ ਹੋ ਜਾਣਾ ਬਹੁਤ ਉੱਚੀ ਗੱਲ ਹੈ।

394. ਨਾਮ ਪ੍ਰੇਮੀ ਇਕ ਤਾਂ ਬ੍ਰਤ ਧਾਰਦੇ ਹਨ ਕਿ ਅਸੀਂ ਸੱਚ ਤੇ ਟਿਕਾਂਗੇ, ਦੂਸਰੇ ਨਾਮ ਕੱਟਦਾ ਹੈ ਝੂਠ ਨੂੰ, ਐਉਂ ਅੰਦਰਲਾ ਸਚ ਪ੍ਰਗਟ ਹੋ ਆਉਂਦਾ ਹੈ।

395. ਜੇ ਸਿਮਰਨ ਵਿਚ ਚਿੱਤ ਨਾ ਲਗੇ ਤਾਂ ਕੀਹ ਕਰਾਂ ਜੀਓ? ਸਤਿਸੰਗਤ ਕਰ, ਕੀਰਤਨ ਸੁਣ, ਗੁਰਬਾਣੀ ਪੜ੍ਹ ਤੇ ਵਿਚਾਰ।

 www.sikhbookclub.com

ਅਸਲੇ ਵਿਚ ਲੈ ਜਾਂਦਾ ਹੈ, ਨਾਮ ਫਿਰ ਕਿਸੇ ਹਿਲਾਉ ਦੇ ਚੱਕਰ ਵਿਚ ਨਹੀਂ ਆਉਣ ਦੇਂਦਾ, ਇਸ ਕਰਕੇ ਨਾਮ ਸਭ ਤੋਂ ਉਚਾ ਹੈ ਅਰ ਹੋਰ ਸਾਰੇ ਕਰਮ ਉਸ ਤੋਂ ਹੇਠਾਂ ਹਨ।

397. ਪ੍ਰਮਾਤਮਾ ਦਾ ਨਾਮ ਜਪਣਾ ਤਾਂ ਸੌਖਾ ਹੈ ਪਰ ਨਾਮ ਲਈ ਸਰੀਰ ਅਤੇ ਮਨ ਵਿਚ ਯੋਗਤਾ ਪੈਦਾ ਕਰਨੀ ਔਖੀ ਹੈ।

398. ਜੋ ਨਾਮ ਨਹੀਂ ਜਪਦਾ ਉਸ 'ਚੋਂ ਹਉਮੈ ਜਾ ਨਹੀਂ ਸਕਦੀ ਤੇ ਜੋ ਨਾਮ ਦਾ ਧਾਰਨੀ ਹੋਵੇ ਉਸ ਵਿਚ ਆ ਨਹੀਂ ਸਕਦੀ।

399. ਘਰ ਵਿਚ ਆਏ ਹੋਏ ਸ਼ਤਰੂ ਦਾ ਵੀ ਸਤਿਕਾਰ ਕਰਨਾ ਚਾਹੀਦਾ ਹੈ। ਦੇਖੋ ਬ੍ਰਿਛ, ਉਸ ਨੂੰ ਕਟੱਣ ਆਏ ਦਾ ਬੀ ਆਪਣੇ ਫਲ ਤੇ ਛਾਉਂ ਨਾਲ ਸੁਆਗਤ ਕਰਦਾ ਹੈ। (ਪੜ੍ਹੋ ਭਾਈ ਮਾਧੋ ਦਾਸ ਦੀ ਕਥਾ ਅਸ਼ਟ ਗੁਰ ਚਮਤਕਾਰ ਭਾਗ-3 ਵਿਚ)

400. ਭਲੇ ਲੋਕ ਨਿਰਗੁਣ ਜੀਵਾਂ ਉਤੇ ਵੀ ਦਯਾ ਕਰਦੇ ਹਨ। ਚੰਦ੍ਰਮਾ ਆਪਣੀ ਚਾਨਣੀ ਦੀ ਚੱਦਰ ਚੰਡਾਲ ਦੇ ਘਰ ਤੋਂ ਬੀ ਪਰੇ ਨਹੀਂ ਹਟਾਉਂਦਾ।

401. ਜਿਸ ਦੇ ਘਰੋਂ ਅਤਿੱਥੀ ਨਿਰਾਸ਼ ਹੋ ਕੇ ਜਾਂਦਾ ਹੈ ਉਹ ਪਾਪ ਦੇਕੇ ਤੇ ਪੁੰਨ ਲੈ ਕੇ ਜਾਂਦਾ ਹੈ।

402. ਸਭ ਕੁਝ ਸਰੀਰ ਦੇ ਨਾਲ ਨਸ਼ਟ ਹੋ ਜਾਂਦਾ ਹੈ, ਕੇਵਲ ਇਕ ਧਰਮ ਹੀ ਮਿਤ੍ਰ ਹੈ ਜੋ ਮਰਨ ਤੇ ਬੀ ਨਾਲ ਜਾਂਦਾ ਹੈ।

403. ਅਮਕਾ ਅਪਣਾ ਹੈ ਤੇ ਅਮਕਾ ਪਰਾਇਆ, ਇਹ ਹੌਲੇ ਦਿਲ ਵਾਲਿਆਂ ਦਾ ਖਿਆਲ ਹੈ। ਭਗਤ ਜਨ ਮਨੁਖ-ਮਾਤ੍ਰ ਨੂੰ **'ਏਕ ਪਿਤਾ ਏਕਸ ਕੇ ਹਮ ਬਾਰਿਕ'** ਅਨੁਸਾਰ ਆਪਣਾ ਸਮਝਦੇ ਹਨ।

404. ਸੁਭਾਵ ਤੋਂ ਨਾ ਕੋਈ ਕਿਸੇ ਦਾ ਮਿਤ੍ਰ ਹੈ, ਨਾ ਸ਼ਤਰੂ, ਆਪਣੇ ਕਰਮ ਹੀ ਮਨੁੱਖ ਨੂੰ ਮਿਤ੍ਰ ਤੇ ਸ਼ਤਰੂ ਬਣਾ ਦਿੰਦੇ ਹਨ।

 www.sikhbookclub.com

405. ਕਿਸੇ ਦਾ ਦੁਰਬਚਨ ਸੁਣਕੇ ਦੁਰਬਚਨ ਨਹੀਂ ਬੋਲਣੇ ਚਾਹੀਦੇ।

406. ਉਮਰ ਇਕ ਰਸ ਨਹੀਂ ਰਹਿੰਦੀ, ਜੁਆਨੀ ਢਲ ਕੇ ਬੁਢਾਪਾ ਆਉਂਦਾ ਹੈ, ਜਦੋਂ ਬਿਨਾਂ ਰੋਗ ਬੀ ਬਲ ਖੀਣ ਹੋ ਜਾਂਦਾ ਹੈ ਇਸ ਦਸ਼ਾ ਵਿਚ ਬੀ ਦੁਖ ਵਾਪਰਦਾ ਹੈ। (ਦੇਖੋ ਇਹੋ ਖ਼ਿਆਲ ਕਵਿਤਾ ਦੇ ਰੂਪ ਵਿਚ)

## ਖ਼ੁਸ਼ੀ ਰਹਿਣਾ।

'ਸਦਾ ਰਹਿਣ ਨਰੋਏ' ਨਾ ਵੱਸ ਸਾਡੇ,
'ਸਦਾ ਜੀਉਣਾ' ਨ ਕੁਦਰਤ ਨੇ ਲਿਖਿਆ ਏ।
'ਸਦਾ ਜੋਬਨਾਂ' ਵਿਚ ਨ ਰਿਹਾ ਕੋਈ,
'ਸਦਾ ਖ਼ੁਸ਼ੀ' ਰਹਿੰਦੇ ਨਾ ਕੋਈ ਦਿਖਿਆ ਏ।
'ਜੋਬਨ' 'ਜਿੰਦ' 'ਅਰੋਗਤਾ' ਜਦੋਂ ਹੋਵਣ,
ਤਦੋਂ 'ਖ਼ੁਸ਼ੀ ਰਹਿਣਾ' ਹੋ ਸਕਦਾ ਏ
ਜਦੋਂ ਜਾਣ ਤਿੰਨੇ, ਤਦੋਂ 'ਡੋਲਣਾ ਨਾ'
ਕਿਤੋਂ ਜਾਚ ਇਸ ਦੀ ਲੋਕੋ ਸਿਖਿਆ ਜੇ॥46॥
(ਸਾਹਿਤਕ ਕਲੀਆਂ, ਭਾਈ ਵੀਰ ਸਿੰਘ)

407. ਜਿਵੇਂ ਕਣਕ ਦੇ ਉਗਣ ਲਈ ਠੰਢ ਤੇ ਪਕੌਣ ਲਈ ਗਰਮੀ, ਤਿਵੇਂ ਨਾਮ ਦੀ ਪ੍ਰਾਪਤੀ ਲਈ ਦਾਤੇ ਦਾ ਸੰਗ ਤੇ ਕਮਾਈ ਲਈ ਹਰਿਜਨ ਦਾ ਸੰਗ ਕਰੀਦਾ ਹੈ।

408. ਸਿਆਣਪਾਂ ਨਾਲ ਮਨ ਸਿਆਣਾ ਹੋ ਜਾਂਦਾ ਹੈ, ਕਿਸੇ ਹੋਰ ਤਰ੍ਹਾਂ ਦੇ ਖਿੰਡਾਉ ਵਿਚ ਖਿੰਡ ਜਾਂਦਾ ਹੈ, ਪਰ ਕੱਠਾ ਹੋ ਕੇ ਸੂਤ ਨਹੀਂ ਹੁੰਦਾ। (ਖਾ.ਸ. ੧੫-੧੦-੧੯੮੧)

409. ਮੁਕਤ ਉਹੀ ਹੈ ਜੋ ਸ਼ਰਣਾਗਤ ਹੈ ਤੇ ਜਿਸ ਪਰ ਕ੍ਰਿਪਾ ਹੋ ਗਈ ਹੈ। ਇਹ ਸਿੱਧਾ ਰਾਹ ਹੈ; ਬਿਹੰਗਮ ਮਾਰਗ ਹੈ। (ਖਾ.ਸ. ੧੫-੧੦-੧੯੮੧)

410. ਜੀਵ ਰੂਪੀ ਪੰਛੀ ਦਾਣਿਆਂ ਰੂਪੀ ਪਦਾਰਥਾਂ ਦੇ ਚੋਗ ਦੇ ਮਗਰ ਭੱਜੇ ਫਿਰਦੇ ਹਨ। ਪਰ ਹੰਸ ਜਾਂ ਪਰਮ ਹੰਸ ਰੂਪੀ ਉਤਮ ਪੁਰਖ ਸ਼ਬਦ ਰੂਪੀ ਮੋਤੀ ਦੀ ਚੋਗ ਚੁਗਦਾ ਹੈ। (ਖਾ.ਸ. ੧-੧੦-੧੯੮੧)

411. ਬਾਣੀ ਇਕਾਗਰ ਚਿਤ ਹੋ ਕੇ ਪੜ੍ਹੋ, ਮਨ ਇਕੱਠਾ ਹੋ ਕੇ ਕੁਸੰਗ ਦੇ ਅਸਰ ਅਗੇ ਢਹਿਣੋਂ ਬਲਵਾਨ ਹੋ ਜਾਏਗਾ। ਬਾਣੀ ਨਾਲ ਪਿਆਰ ਕਰੋ, ਰਿਦੇ ਵਿਚ ਗੁਰੂ ਪਰਮੇਸ਼ਰ ਪਰ ਸ਼ਰਧਾ ਤੇ ਪ੍ਰਾਪਤੀ ਦਾ ਉਤਸ਼ਾਹ ਪੈਦਾ ਹੋਵੇਗਾ। (ਖਾ.ਸ. ੧੩-੨-੧੯੮੬)

412. ਸ਼ੁਕਰ ਕਰੋ ਤੇ ਚਾਲ ਨਾਲ ਟੁਰੀ ਚਲੋ। ਨਾਮ ਵਿਦਜਾ ਹੈ ਜੋ ਸਹਿਜ ਨਾਲ ਪੜ੍ਹੀਦੀ ਹੈ। (ਖਾ.ਸ. ੭-੨-੧੯੮੬)

413. ਸਭ ਕੋਈ ਜਨਮ ਧਾਰ ਕੇ ਦੁਖ ਸੁਖ ਦੇਖਦਾ ਹੈ, ਪਰ ਮੁਬਾਰਕ ਹੈ ਉਹ ਦਿਲ ਜੋ ਇਹ ਸੱਟਾਂ ਖਾ ਕੇ ਵਾਹਿਗੁਰੂ ਦੇ ਚਰਨਾਂ ਵਲ ਰੁਖ ਕਰਦਾ ਆਪਾ ਸੰਭਾਲਦਾ ਤੇ ਉੱਚ ਜੀਵਨ ਵਿਚ ਆ ਜਾਂਦਾ ਹੈ। (ਖਾ.ਸ. ੧੧-੧-੧੯੮੬)

**(ਇਸ ਵਿਸ਼ਯ ਤੇ ਦੋ ਕਵਿਤਾਵਾਂ)**

1. ਦੁੱਖ ਸੁੱਖ

ਆਸਮਾਨ ਨੂੰ ਅਸਾਂ ਪੁੱਛਿਆ:
'ਦੁੱਖ ਸਹਿਣ ਦੀ ਦਸੀਂ ਗੱਲ!'
ਗਰਜ ਕਿਹਾ ਉਸ ਨੀਲੇ ਬੁੱਢੇ:
'ਝੱਲ, ਝਲ, ਬਈ ਝਲਦਾ ਚੱਲ!'
ਅਸਾਂ ਕਿਹਾ: 'ਹੈ ਝੱਲਣ ਅਉਖਾ,
ਹੋਰ ਦੱਸ ਕੁਈ ਸੌਖੀ ਗੱਲ?'
ਖਿਰਨ* ਛਿੜੀ ਫਿਰ ਬਦਲਾਂ ਵਿਚੋਂ:
'ਝੱਲ, ਝੱਲ, ਬਈ ਝਲ ਝਲ ਝੱਲ।'

---

* ਖਿਰਨ=ਬਿਜਲੀ

 www.sikhbookclub.com

ਚੀਰ ਗਗਨ ਨੂੰ ਅਰਜ਼ ਅਸਾਡੀ
ਨਿਕਲ ਗਈ ਫਿਰ ਦੂਜੀ ਵੱਲ;
ਵਾਜ ਆਈ: 'ਰਖ ਨਜ਼ਰ ਅਸਾਂ ਵਲ
ਦੁਖ ਜਾਏਗਾ ਐਦਾਂ ਟੱਲ।
'ਬੁਰਾ ਨਹੀਂ ਹੈ, ਭਲਾ ਹੈ ਸਭ ਕੁਝ,
ਦੁਖ ਨਹੀਂ, ਸਭ ਹੀ ਸੁੱਖ,
'ਸਾਥੋਂ ਵਿੱਛੁੜ ਦੁਖ ਦੁਖ ਲਗਦੇ,
ਮਿਲਿਆ ਰਹੇਂ ਤਾਂ ਰਹਿਸੇ ਵੱਲ' ॥੯॥
(ਪੁਸਤਕ 'ਆਵਾਜ਼ ਆਈ' ਭਾਈ ਵੀਰ ਸਿੰਘ)

## 2. ਹਜ਼ੂਰੀ ਦੀ ਪਹੁੰਚ

(ਧੁਖਦੀ ਧੂਪ ਦੀ ਜ਼ਬਾਨੀ)

ਜੰਮੀ, ਪਲੀ, ਬਰਫ਼ ਵਿਚ ਖੇਡੀ,
ਸਹ ਸਿੱਟਾਂ, ਦਰ ਆਈ
ਚੜ੍ਹ ਅਗਨੀ ਜਦ ਆਪਾ ਹੋਮਿਆਂ,
ਆਪੇ ਮੁਸ਼ਕ ਮਚਾਈ
ਤਦੋਂ ਹਜ਼ੂਰੀ ਮਿਲੀ, ਜਦੋਂ ਮੈਂ
ਬਲੀਦਾਨ ਹੋ ਰਹੀਆਂ,
ਪਹੁੰਚ ਹਜ਼ੂਰੀ ਦੀ, ਹੇ ਠਾਕੁਰ!
ਵਾਹ ਵਾਹ ਤੁਸਾਂ ਬਣਾਈ॥5॥
(ਪੁਸਤਕ-ਸਾਹਿਤਕ ਕਲੀਆਂ ਵਿਚੋਂ, ਭਾਈ ਵੀਰ ਸਿੰਘ)

414. ਜੋ ਸਤਿਸੰਗ ਵਿਖੇ ਜਾਕੇ ਜੋ ਸਤਿਗੁਰੂ ਦੇ ਦਰਸ਼ਣ ਕਰਦਾ ਹੈ, ਉਹ ਪ੍ਰਮਾਤਮਾਂ ਨੂੰ ਦੇਖਦਾ ਹੈ।

415. ਨਿਰੰਕਾਰ ਦਾ ਨਾਮ, ਉਸਦੀ ਪ੍ਰਾਪਤੀ ਦੀ ਨਿਰੋਲ ਭਾਵਨਾ ਧਾਰਕੇ ਜਪੀਦਾ ਹੈ ਉਹ ਨਿਰਮਲ ਨਾਮ ਹੈ, ਅਰਥਾਤ ਜਿਸ ਦੇ ਜਪਣ ਵਿਚ ਪ੍ਰੇਮੀ ਸਿਵਾ ਵਾਹਿਗੁਰੂ ਪ੍ਰਾਪਤੀ ਦੇ ਹੋਰ ਕੋਈ ਵਾਸ਼ਨਾ ਨਹੀਂ ਧਾਰਦਾ।

416. ਜਿਸ ਸਰੀਰ ਵਿਚ ਸਿਮਰਨ ਵਸਦਾ ਹੈ, ਉਸ ਵਿਚ ਸਾਰੇ ਗੁਣ, ਸਾਰੀਆਂ ਨੇਕੀਆਂ ਆ ਵਾਸਾ ਕਰਦੀਆਂ ਹਨ।

417. ਖੋਜੈ ਤਾਂ ਪਾਵੈ।

ੳ. ਬਿਜਲੀ ਹਰ ਇਕ ਸ਼ੈ ਵਿਚ ਹਰ ਥਾਂ ਹਰ ਵੇਲੇ ਮੌਜੂਦ ਹੈ, ਪਰ ਵਿਖਾਈ ਨਹੀਂ ਦਿੰਦੀ। ਹਾਂ, ਪਰ ਬਿਜਲੀ ਦੇ ਕੰਮ ਦਾ ਜਾਣੂ ਉਸ ਨੂੰ ਹਰ ਚੀਜ਼ ਵਿਚੋ ਪਰਤੱਖ ਕਰਕੇ ਵੇਖ ਸਕਦਾ ਹੈ।

ਅ. ਕੋਈ ਦੋ ਲਕੜੀਆਂ ਲਓ, ਦੋਹਾਂ ਵਿਚ ਅਗਨੀ ਹੈ ਪਰ ਵਿਖਾਈ ਨਹੀਂ ਦਿੰਦੀ। ਜਿਸ ਨੂੰ ਪਤਾ ਹੈ ਕਿ ਇਨ੍ਹਾਂ ਨੂੰ ਆਪੋ ਵਿਚ ਰਗੜਨ ਨਾਲ ਅਗਨੀ ਪ੍ਰਗਟ ਹੋ ਸਕਦੀ ਹੈ ਉਹ ਪ੍ਰਗਟ ਕਰਕੇ ਵੇਖ ਸਕਦਾ ਹੈ।

ੲ. ਇਸੇ ਤਰ੍ਹਾਂ ਵਾਹਿਗੁਰੂ ਹਰ ਥਾਂਵੇਂ ਹਰ ਵੇਲੇ ਮੌਜੂਦ ਹੈ, ਉਹ ਵਿਖਾਈ ਨਹੀਂ ਦਿੰਦਾ ਪਰ ਨਾਮ ਜਪਣ ਨਾਲ ਉਸ ਨੂੰ ਆਤਮਾ ਵਿਚ ਸਾਖਜਾਤ ਕੀਤਾ ਜਾ ਸਕਦਾ ਹੈ।

ਸ. ਪ੍ਰਮਾਤਮਾ ਦੇ ਸਾਖਜਾਤ ਕਰਨ ਨਾਲ ਦੁਖ ਨਾਸ਼ ਹੁੰਦੇ, ਆਤਮਕ ਬਲ ਉਚੇ ਹੋ ਕੇ ਮੁਖ ਦੀ ਕ੍ਰਾਂਤੀ ਦਿਵਜ ਤੇਜਮਈ ਹੋ ਜਾਂਦੀ ਹੈ ਤੇ ਉਸ ਨੂੰ ਪੂਰਨ ਸ਼ਾਂਤੀ ਤੇ ਪਰਮ ਸੁਖ ਪ੍ਰਾਪਤ ਹੁੰਦਾ ਹੈ ਤੇ ਉਸ ਦਾ ਜਨਮ ਮਰਨ ਚੁਕ ਜਾਂਦਾ ਹੈ।

ਹ. ਜਿਵੇਂ ਅਗਨੀ ਦਾ ਇਕ ਕਿਣਕਾ ਸੁਕੇ ਘਾਹ ਦੇ ਢੇਰ ਨੂੰ ਭਸਮ ਕਰ ਦਿੰਦਾ ਹੈ ਤਿਵੇਂ ਪ੍ਰੇਮ ਨਾਲ ਲਿਆ ਵਾਹਿਗੁਰੂ ਦਾ ਨਾਮ ਪਾਪਾਂ ਦੇ ਮੜ੍ਹੇ ਦਗਧ ਕਰ ਦਿੰਦਾ ਹੈ।

ਕ. ਭਗਤੀ ਮਾਤਾ ਹੈ, ਗਿਆਨ ਤੇ ਵੈਰਾਗ ਉਹਦੇ ਦੋ ਪੁਤ੍ਰ ਹਨ। ਮੁਕਤੀ ਦੇ ਜਿੰਨੇ ਸਾਧਨ ਹਨ ਸਾਰਿਆਂ ਵਿਚੋਂ ਨਾਮ ਜਪੁ ਪਰਮ ਸ੍ਰੇਸ਼ਟ ਹੈ।

ਖ. ਪਰਮੇਸ਼ਰ ਅਗੰਮ ਹੈ, ਪਰ ਨਾਮ ਜਪਣ ਵਾਲਿਆਂ ਲਈ ਉਹ ਅਗੰਮ ਨਹੀਂ ਰਹਿੰਦਾ। ਉਹ ਉਸਦੇ ਵਸਲ ਨੂੰ ਸਿਮਰਨ ਵਿਚ ਜੁੱਟ ਕੇ ਮਾਣਦੇ ਹਨ।

**ਚਿਣੰਗ।**
ਦਿਉਦਾਰਾਂ ਨੂੰ ਨਿੱਘ ਆ ਗਈ,
ਅੱਗ ਕਿਸੇ ਜਦ ਬਾਲੀ,
"ਇਹ ਕੀ ਚਮਤਕਾਰ ਸੁਖ ਵਾਲਾ?"
ਪੁਛੱਣ ਹੋਹੁ ਸਵਾਲੀ।

ਬਿਜਲੀ ਨੇ ਤਕ ਗਰਜ ਆਖਿਆਂ:
"ਹੈ ਸੁਖ-ਨੀਂਦੇ ਸੁਤਿਓ!
"ਤੁਸੀਂ ਅਗਨ ਹੋ ਆਪ ਸੁਹਣਿਓ!
ਪਰ ਚਿਣੰਗੋਂ ਹੋ ਖਾਲੀ।" ॥4॥
(ਪੁਸਤਕ-ਸਾਹਿਤ ਕਲੀਆਂ, ਭਾਈ ਵੀਰ ਸਿੰਘ)

418. ਇਸ ਦੁਨੀਆਂ ਵਿਚ ਤੇਰੇ ਦੋਸਤ ਤੇ ਦੁਸ਼ਮਨ ਹੋਰ ਕੋਈ ਨਹੀਂ, ਤੂੰ ਆਪ ਹੀ ਹੈਂ, ਤੇਰੇ ਚੰਗੇ ਤੇ ਮੰਦੇ ਕੰਮ ਹੀ ਤੇਰੇ ਸ਼ਤਰੂ ਤੇ ਮਿਤਰ ਹਨ। ਤੇਰੀ ਨੇਕ ਤੇ ਬਦਨਾਮੀ ਦਾ ਕਾਰਨ ਇਹ ਹੀ ਹੈਨ। ਤਖ਼ਤ (ਸਿੰਘਾਸਨ) ਤੇ ਤਖ਼ਤੇ (ਫਾਂਸੀ ਦੇ ਤਖ਼ਤੇ) ਤੇ ਤੈਨੂੰ ਇਹਨਾਂ ਹੀ ਬਿਠਾਣਾ ਹੈ ਇਸ ਕਰਕੇ ਕੋਈ ਵੀ ਕੰਮ ਕਰਨ ਤੋਂ ਪਹਿਲਾਂ ਸੋਚ ਤੇ ਵਿਚਾਰ ਤੋਂ ਕੰਮ ਲੈਣਾ ਜ਼ਰੂਰੀ ਹੈ।
(ਖਾ.ਸ. ੩੧-੫-੧੯੮੪)

419. ਸਾਡੇ ਵਿਚ ਮੂਲ ਸ਼ੈ ਹੈ ਹਰ ਵੇਲੇ ਸਾਂਈ ਵਿਚ ਰਹਿਣਾ, ਉਸ ਦਾ ਨਾਮ ਹਿਰਦੇ ਵਿਚ ਰਖਣਾ ਜੋ ਹਜ਼ੂਰੀ ਦਾ ਭਾਵ ਕਾਇਮ ਰਹੇ।
(ਖਾ.ਸ. ੩੧-੫-੧੯੮੪)

420. ਗੁਰੂ ਘਰ ਦਾ ਇਹ ਆਸ਼ਾ ਹੈ ਕਿ ਦਾਤ ਪਾ ਕੇ ਦਾਤਾਰ ਨੂੰ ਨਾ ਭੁੱਲ ਜਾਓ, ਸਗੋਂ ਦਾਤ ਨੂੰ ਪਾ ਕੇ ਦਾਤਾਰ ਦਾ ਧੰਨਵਾਦ ਕਰੋ।
(ਖਾ.ਸ. ੧੪-੨-੧੯੮੫)

421. ਸਾਂਈ ਨੂੰ ਯਾਦ ਕਰ, ਉਸ ਦੀ ਕੁਦਰਤ ਵਿਚ ਉਸ ਦਾ ਜਲਾਲ ਵੇਖ। ਆਪ ਨੂੰ ਉਸ ਦੀ ਹਜ਼ੂਰੀ ਵਿਚ ਤੋਰ।
(ਖਾ.ਸ. ੩੧-੧-੧੯੮੪)

422. ਛਡੋ ਮਨਮਤਾਂ, ਪੁੱਛੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ। ਜੋ ਉਹ ਕਹਿੰਦੇ ਹਨ, ਓਹ ਕਰੋ, ਤਦ ਦੇਖੋ ਸਿੱਖੀ ਦੀ ਉਨਤੀ।
(ਖਾ.ਸ. ੮-੩-੧੯੮੩)

423. ਅਗੇ ਧੰਨ ਦੀ ਪੁੱਛ ਨਹੀਂ, ਜ਼ੋਰ ਦੀ ਪੁੱਛ ਨਹੀਂ, ਜ਼ਾਤ ਦੀ ਪੁੱਛ ਨਹੀਂ। ਅਗੇ ਤਾਂ ਜੀਵ ਜੋ ਨਵੇਂ ਨਕੋਰ ਕਪੜੇ ਵਾਂਗੂ ਨਵੇਂ (ਬੇਦਾਗ) ਹੁੰਦੇ ਹਨ, ਉਨ੍ਹਾਂ ਦੀ ਪੁੱਛ ਹੁੰਦੀ ਹੈ।
(ਖਾ.ਸ. ੫-੬-੧੯੮੬)

424. ਜੇ ਲੋੜ ਹੈ ਤਾਂ ਇਕੋ ਲੋੜ ਲੋੜੋ, ਜੇ ਤਾਂਘ ਹੈ ਤਾਂ ਇਕੋ ਤਾਂਘ ਤਾਂਘੋ ਅਰ ਉਹ ਕੀਹ ? ਗੁਰੂ ਨਾਨਕ ਪ੍ਰੇਮ ਦੀ ਰਿਜ਼ਮ ਅੰਦਰ ਵਸਾਓ।
(ਖਾ.ਸ. ੧੯-੬-੧੯੮੬)

425. ਹੇ ਗੁਰੂ ਨਾਨਕ ਅੰਦਰ ਆ ਵੱਸ ਤੇ ਫਿਰ ਨਿਕਲਣਾ ਭੁੱਲ ਜਾ। ਤੂੰ ਜੀਅ ਮੇਰੇ ਵਿਚ ਵੱਸ।
(ਖਾ.ਸ. ੨੯-੫-੧੯੮੬)

426. ਉਸਦੇ ਚਿੰਤਨ ਕਰਨ ਨਾਲ ਉਸ ਦੇ ਗੁਣ ਅੰਦਰ ਆ ਵਸਦੇ ਹਨ ਤੇ ਉਸਦੇ ਲਗਾਤਾਰੀ ਪ੍ਰੇਮ ਵਿਚ ਜੁੜ ਕੇ ਜੀਉਂਦੇ ਜੀਵਨ ਵਿਚ, ਖੇੜੇ ਵਾਲੇ ਜੀਵਨ ਵਿਚ ਜੀਉ ਉਠੀਦਾ ਹੈ।

427. ਵਾਹਿਗੁਰੂ ਐਸਾ ਸੁਆਮੀ ਹੈ ਜੋ ਇਕ ਵਾਰ ਜਿਸ ਨੂੰ ਅਪਣਾ ਲਵੇ ਤਾਂ ਫਿਰ ਉਸ ਨੂੰ ਓਹ ਛੱਡ ਕੇ ਨਹੀਂ ਜਾਂਦਾ। ਉਸ ਦਾ ਤਾਂ ਬਿਰਦ ਹੈ:

 www.sikhbookclub.com

**ਲੜ ਲਾਏ ਦੀ ਲਾਜ**

ਜਿਸ ਦੀ ਬਾਂਹ ਫੜੀਏ ਇਕ ਵਾਰੀ
ਉਸ ਦੀ ਲਾਜ ਨਿਬਾਹੀਏ;
ਇਕ ਵਾਰੀ ਜੋ ਕੀਤਾ ਅਪਣਾ
ਉਸ ਨੂੰ ਨਿਤ ਅਪਣਾਈਏ।
ਔਗੁਣ ਉਸ ਦੇ ਛਾਣੀਏ ਨਾਹੀਂ,
ਅਪਣਾ ਬਿਰਦ ਰਖਾਈਏ।
ਭੁੱਲ ਸੁਧਰੀਵੇ ਬਖ਼ਸ਼ਿਸ਼ ਕੀਤਿਆਂ,
ਬਸ਼ਸ਼ਿਸ਼ ਸਦਾ ਕਰਾਈਏ॥8॥
(ਪੁਸਤਕ- ਸਾਹਿਤ ਕਲੀਆਂ)

428. ਵਾਹਿਗੁਰੂ ਦੀ ਯਾਦ, ਉਸ ਦੇ ਨਾਮ ਦਾ ਚਿੰਤਨ ਹੀ ਉਹ ਅਉਖਧੀ ਹੈ, ਜਿਸ ਨਾਲ ਮਨ ਦੇ ਰੋਗ ਕਟੀਂਦੇ ਤੇ ਦੁਖ ਦੂਰ ਹੁੰਦਾ ਹੈ। ਨਾਮ ਮਨ ਨੂੰ ਧੋਣਹਾਰ ਤੇ ਮੈਲ ਕੱਟਣਹਾਰ ਸਾਬਣ ਬੀ ਹੈ।

429. ਜੀਵਨ ਬੜਾ ਥੋੜਾ ਹੈ, ਪਤਾ ਨਹੀਂ ਕਿਸ ਵੇਲੇ ਕਾਲ ਨਗਾਰਾ ਆ ਵੱਜੇ, ਇਸ ਲਈ, ਹੇ ਮਨ! ਗ਼ਾਫ਼ਲੀ ਛੱਡ, ਹੋਰ ਆਲਸ ਦਾ ਵੇਲਾ ਨਹੀਂ, ਜਾਗ ਤੇ ਫੜ ਲੜ ਘੁੱਟ ਕੇ ਵਾਹਿਗੁਰੂ ਨਾਮ ਦਾ, ਧੋ ਲੈ ਮਨ ਦੀਆਂ ਪਾਪ-ਮੈਲਾਂ, ਨਿਰਮਲ ਹੋ ਤੇ ਸੁਰਜੀਤ ਜੀਵਨ ਦੇ ਖੇੜੇ ਵਿਚ ਜੀਉ ਕੇ ਜਨਮ ਸਫਲਾ ਕਰ ਲੈ।

430. ਨਾਮ ਲਗਾਤਾਰ ਰੌ ਹੈ ਸਾਡੇ ਧਿਆਨ ਦੀ ਸਾਂਈਂ ਵੱਲ, ਤੇ ਲਗਾਤਾਰ ਰੌ ਹੈ ਸਾਂਈਂ ਦੇ ਪਿਆਰ ਦੀ ਸਾਡੇ ਵੱਲ। ਹਾਂ ਉਹ ਇਕ ਜੀਵਨ ਹੁਲਾਰਾ ਹੈ।

431. ਬਾਣੀ ਨਾਲ ਪਿਆਰ ਅਗੇ ਨਾਲੋਂ ਵਧੇ ਪਹਿਲਾ ਕੰਮ ਹੈ ਇਹ, ਨਾਮ ਨਾਲ ਸ਼ੌਕ ਵਧੇ, ਨਾਮ ਸਿਮਰਨ ਲਿਵ ਦੀ ਸ਼ਕਲ ਪਕੜੇ ਦੂਸਰਾ ਕੰਮ ਇਹ ਹੈ।
(ਖਾ.ਸ. ੨੨-੫-੧੯੮੬)

 www.sikhbookclub.com

432. ਜੋ ਸਿਮਰਨ ਵਿਚ ਜੀਵੇ ਹਨ, ਉਨ੍ਹਾਂ ਲਈ ਵਿਛੋੜਾ ਨਹੀਂ, ਸਾਂਈਂ ਨਾਲ ਕਿ ਸਾਂਈਂ ਦੇ ਪਿਆਰਿਆਂ ਨਾਲ, ਸਤਿਗੁਰ ਨਾਲ ਕਿ ਸਤਿਸੰਗ ਨਾਲ, ਸਿਮਰਨ ਵਾਲੇ ਕਦੇ ਵਿਛੁੜਦੇ ਹੀ ਨਹੀਂ।

433. ਸੰਸਾਰ ਵਿਚ ਜਨਮ 'ਲਾਹੇ' ਵਾਸਤੇ ਹੋਇਆ ਹੈ ਪਰ ਅਸੀਂ ਸਭ 'ਤੋਟੇ' ਵਾਲੇ ਕੰਮ ਕਰ ਰਹੇ ਹਾਂ।

(ਖਾ.ਸ. ੮-੫-੧੯੮੬)

434. ਵਿਛੋੜੇ ਵੇਲੇ ਪਿਆਰੇ ਦੀ ਯਾਦ ਅੰਦਰੋਂ ਦੂਰ ਨਹੀਂ ਹੁੰਦੀ ਤੇ ਮਨ ਵਿਚ ਖਿੱਚ ਯਾ ਧੂਹ ਪੈਂਦੀ ਰਹਿੰਦੀ ਹੈ।

(ਖਾ.ਸ. ੧-੫-੧੯੮੬)

435. ਜਦੋਂ ਦੇਹ ਤੋਂ ਛੁੱਟੀ ਮਿਲੀ ਫੇਰ ਸੁਰਤ ਆਪੇ ਉਸ ਪਜਾਰੇ ਕੋਲ ਲੈ ਜਾਏਗੀ, ਕਿਸ ਹਾਲ, ਕਿਸ ਰੰਗ, ਕਿਵੇਂ? ਉਹ ਜਾਣਦਾ ਹੈ। ਇਹ ਨਿਸ਼ਚੇ ਹੈ ਕਿ ਸਾਈਂ ਰੰਗ ਰਤੇ ਗਿਆਂ ਜੋ ਹੋਊ ਹੁਣ ਤੋਂ ਚੰਗਾ ਹੋਊ।

(ਖਾ.ਸ. ੨੧-੬-੧੯੮੫)

436. ਭਾਈ ਸਭ ਤੋਂ ਵੱਡਾ ਉਪਕਾਰ ਹੈ ਜਗਤ ਨੂੰ ਨਾਮ ਤੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਲਾਉਣਾ।

(ਖਾ.ਸ. ੨੩-੫-੧੯੮੫)

437. ਅਸੀਂ ਉਸ ਦੀ ਟੇਕ ਤੇ ਖ਼ੁਸ਼ ਤੇ ਸੁਖੀ ਰਹੀਏ ਤੇ ਉਸ ਦੀ ਰਜ਼ਾ ਵਿਚ ਆਪਣੀ ਮਰਜ਼ੀ ਮੇਲੀਏ। ਸੁਖ ਦਾ ਮਾਰਗ ਇਹ ਹੈ।

(ਖਾ.ਸ. ੧੩-੬-੧੯੮੫)

438. ਦੁੱਖ ਇਸ ਕਰਕੇ ਹੈ ਕਿ ਅਸੀਂ ਆਪਣੇ ਕਰਤਾਰ ਤੋਂ ਵਿਛੜ ਰਹੇ ਤੇ ਭੁੱਲੀ ਪੈ ਗਏ ਵਾਂਙੂ ਹਾਂ, ਜੀਕੂੰ ਮੇਲੇ ਤੇ ਮਾਤਾ ਦੇ ਨਾਲ ਗਿਆ ਬਾਲ ਮਾਂ ਤੋਂ ਵਿਛੜ ਕੇ ਦੁੱਖ ਪਾਉਂਦਾ ਹੈ।

 www.sikhbookclub.com

439. **ਸ਼ੁਭ ਅਮਲ**

ਇਕ ਆਦਮੀ ਨੇ ਕਿਸੇ ਫ਼ਕੀਰ ਨੂੰ ਕਿਹਾ ਕਿ ਆਪਨੇ ਹੱਥਾਂ ਨਾਲ ਕੋਈ ਕਪੜਾ ਬਰਕਤ ਵਜੋਂ ਦੇਵੋ ਜੋ ਮੈਂ ਪਹਿਨ ਕੇ ਸੁਭਾਗ ਹੋਵਾਂ। ਸਾਂਈਂ ਲੋਕ ਨੇ ਕਿਹਾ ਕਿ ਇਕ ਨਹੀਂ ਜੇ ਮੇਰੇ ਸਾਰੇ ਕਪੜੇ ਵੀ ਤੂੰ ਪਹਿਨ ਲਵੇਂ ਤਾਂ ਕੀ ਬਣੇਗਾ ਜਦ ਤਕ ਕਿ ਤੂੰ ਸ਼ੁਭ ਅਮਲ ਨਾ ਕਰੇਂ। ਰੱਬ ਦੇ ਨੇੜੇ ਉਹ ਹੈ ਜੋ ਦੁਨੀਆਂਦਾਰਾਂ ਦਾ ਭਾਰ ਚੁੱਕਦਾ ਤੇ ਕਿਸੇ ਦਾ ਦਿਲ ਨਹੀਂ ਦੁਖਾਉਂਦਾ। ਹੰਕਾਰੀ ਕੌਣ ਹੈ ? ਜਿਸ ਨੂੰ ਆਪਣੇ ਨਾਲੋਂ ਕੋਈ ਹੋਰ ਮੰਦਾ ਦਿਸੇ।

**"ਕਬੀਰ ਸਭ ਤੇ ਹਮ ਬੁਰੇ**
**ਹਮ ਤਜਿ ਭਲੋ ਸਭੁ ਕੋਇ॥**
**ਜਿਨਿ ਐਸਾ ਕਰਿ ਬੂਝਿਆ**
**ਮੀਤੁ ਹਮਾਰਾ ਸੋਇ॥੭॥"**

(ਆਸਾ.ਮ. ੫, ਪੰਨਾ ੧੩੬੪)

440. **ਵਿਦਿਆ ਦਾ ਦੋਸ਼:**

ਉਹ ਵਿਦਵਾਨ ਜਿਸ ਨੇ ਫ਼ਖਰ ਇਜ਼ਤ ਤੇ ਰੁਤਬੇ ਵਾਸਤੇ ਵਿਦਜਾ ਪ੍ਰਾਪਤ ਕੀਤੀ ਹੈ ਉਹ ਹਰ ਰੋਜ਼ ਰੱਬ ਤੋਂ ਦੂਰ ਹੁੰਦਾ ਜਾ ਰਿਹਾ ਹੈ ਤੇ ਇਕ ਦਿਨ ਉੱਕਾ ਹੀ ਦੂਰ ਹੋ ਜਾਏਗਾ ਉਸ ਤੋਂ ਬਚ ਕੇ ਰਹੋ।

441. **ਜਦੋਂ ਰਬ ਪਿਆਰ ਕਰਦਾ ਹੈ:**

ਜਿਨ੍ਹਾਂ ਨਾਲ ਰੱਬ ਪਿਆਰ ਕਰਦਾ ਹੈ ਉਨ੍ਹਾਂ ਨੂੰ ਤਿੰਨ ਚੀਜ਼ਾਂ ਬਖਸ਼ਦਾ ਹੈ: (1) ਦਰਿਆ ਜਿਹੀ ਖੁਲ੍ਹ ਦਿਲੀ, ਜੋ ਚੰਗੀ ਮੰਦੀ ਥਾਂ ਨੂੰ ਸਿੰਜਦਾ ਹੈ, (2) ਸੂਰਜ ਜਿਹੀ ਮਿਹਰਬਾਨੀ, ਜੋ ਚੰਗੇ ਮੰਦੇ ਨੂੰ ਚਾਨਣਾ ਦਿੰਦਾ ਹੈ ਤੇ (3) ਧਰਤੀ ਜਿਹੀ ਸਹਿਨਸ਼ੀਲਤਾ ਜੋ ਚੰਗੇ ਮੰਦੇ ਨੂੰ ਚੁੱਕੀ ਫਿਰਦੀ ਹੈ।

442. **ਮਿਹਰ ਤੇ ਨਜ਼ਰ:**

ਉਪਕਾਰ ਸੇਵਾ ਤੇ ਭਜਨ, ਸਿਮਰਨ ਕਰਦੇ ਵੀ ਵਾਹਿਗੁਰੂ ਦੀ ਮਿਹਰ ਤੇ ਨਜ਼ਰ ਰਖਣੀ ਚਾਹੀਦੀ ਹੈ ਨਾਂ ਕਿ ਮਾਣ ਆਪਣੇ ਸ਼ੁਭ ਕਰਮਾਂ ਉਤੇ।

 www.sikhbookclub.com

443. **ਅਸਲੀ ਰਹਸੱਜ:**
ਜਿਸ ਨੇ ਵਿਸ਼ੇ ਵਿਕਾਰਾਂ ਵਲੋਂ ਮਨ ਨੂੰ ਹਟਾ ਕੇ ਵਾਹਿਗੁਰੂ ਪਾਸ ਜੋੜ ਲਿਆ ਉਹ ਹੀ ਇਸ ਜੀਵਨ ਦੇ ਅਸਲੀ ਰਹੱਸਜ ਨੂੰ ਮਾਣ ਸਕਦਾ ਹੈ।

***ਅਰਦਾਸ:***

444. 'ਤੇਰੀ ਹਰਦਮ ਦਾਸ ਤੇਰੀ ਤੇਰੀਆਂ; (206)
'ਜਦ ਤਕ ਦੇਹੀ ਸਾਸ ਤਦ ਤਕ ਤੇਰੀਆਂ;
'ਜਦ ਦੇਹੀ ਨਿਰਸਾਸ ਭੀ ਤਦ ਤੇਰੀਆਂ;
'ਜਿੱਥੇ ਹੋਵੇ ਵਾਸ ਉੱਥੇ ਤੇਰੀਆਂ;
'ਮੈਂ ਵਿਚ ਮੈਂ ਦਾ ਵਾਸ ਜਦ ਤਕ ਹੀ ਰਹੂ (210)
'ਤੇਰੀ ਹੋਸਾਂ ਦਾਸ ਤੇਰੀ ਤੇਰੀਆਂ;
'ਮੈਂ ਸਮਝੂੰ ਜਦ ਤੀਕ ਮੈ ਹਾਂ 'ਮੈਂ' ਅਜੇ
'ਤਦ ਤਕ ਮੈਂ ਸਿਰਤਾਜ ਤੂੰਹੋਂ ਹੋਹਿੰਗਾ:
'ਮੈਂ ਜਾਵਾਂ ਜਦ ਭੁੱਲ ਅਪਣੇ ਆਪ ਨੂੰ
'ਪਾਲੀਂ ਤਦ ਤੂੰ ਅੰਗ, ਅੰਕ ਸਮਾ ਲਵੀਂ,
'ਰਖੀਂ ਆਪਣੇ ਨਾਲ 'ਛੋੜੀਂ ਨ ਕਦੇ।
{ਰਾਣਾ ਸੂਰਤ ਸਿੰਘ, ਪੰਨਾ ੮੩}

– ਇਤਿ –

 www.sikhbookclub.com